ਅਪ੍ਰੈਲ 2004

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 4 ◆ ਸਾਲ ਸੋਲਵਾਂ ◆ ਅਪ੍ਰੈਲ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 5 |
| ਗੁਰਮਤਿ ਸੰਗੀਤ : ਪ੍ਰਮੁਖ ਕੀਰਤਨਕਾਰ ਤੇ ਕੀਰਤਨ ਸੇਵੀ<br>*ਡਾ. ਗੁਰਨਾਮ ਸਿੰਘ* | 7 |
| ਗੁਰਬਾਣੀ ਕੀਰਤਨ ਨੂੰ ਸਮਰਪਿਤ ਹੈ ਬੀਬੀ ਬੀਨਾ ਰਾਏ<br>*ਨਵੀਂ ਪ੍ਰਭਾਤ* | 17 |
| ਸ੍ਰੀ ਦਰਬਾਰ ਸਾਹਿਬ ਜੀ ਦੇ ਮੁੱਖ ਅਰਦਾਸੀਏ...<br>*ਅਵਤਾਰ ਸਿੰਘ ਹੰਸ* | 18 |
| ਸੁਰ ਲਿਪੀਆਂ<br>*ਭਾਈ ਕਸ਼ਮੀਰ ਸਿੰਘ* | 20 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ<br>*ਮਨਮੋਹਨ ਸਿੰਘ* | 22 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਮਾਰਚ 2004 ਦਾ ਅੰਕ ਪ੍ਰਾਪਤ ਹੋਇਆ। ਇਸ ਵਿਚ ਸ੍ਰ. ਗੁਰਜੰਤ ਸਿੰਘ ਰਾਹੀ ਹੁਰਾਂ ਦਾ ਲੇਖ ਦਰਬਾਰ ਸਾਹਿਬ ਦੀ ਕੀਰਤਨ ਪ੍ਰੰਪਰਾ ਬਹੁਤ ਵਧੀਆ ਲਿਖਿਆ ਹੈ। ਦਰਬਾਰ ਸਾਹਿਬ ਦੀ ਕੀਰਤਨ ਪ੍ਰੰਪਰਾ ਵਿਲੱਖਣ ਹੋਣੀ ਚਾਹੀਦੀ ਹੈ। ਕਈ ਵਾਰ ਦਰਬਾਰ ਸਾਹਿਬ ਤੋਂ ਕੀਰਤਨ ਸੁਣ ਕੇ ਮਨ ਨੂੰ ਬੜਾ ਦੁਖ ਹੁੰਦਾ ਹੈ ਕੀਰਤਨੀਏ ਘਟੀਆ ਦਰਜੇ ਦੀਆਂ ਪੰਜਾਬੀ ਫਿਲਮੀ ਟਿਊਨਾਂ 'ਤੇ ਸ਼ਬਦ ਗਾ ਰਹੇ ਹੁੰਦੇ ਹਨ। ਇਸ ਪਾਸੇ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਹਜ਼ੂਰੀ ਰਾਗੀਆਂ ਵਿਚੋਂ ਭਾਈ ਨਰਿੰਦਰ ਸਿੰਘ ਜੀ, ਭਾਈ ਨਿਰਮਲ ਸਿੰਘ ਜੀ ਖਾਲਸਾ, ਭਾਈ ਰਣਧੀਰ ਸਿੰਘ ਜੀ ਧੰਨਤਾ ਦੇ ਯੋਗ ਹਨ, ਜੋ ਗੁਰਬਾਣੀ ਕੀਰਤਨ ਪ੍ਰੰਪਰਾ ਅਨੁਸਾਰ ਕੀਰਤਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਵਾਰ ਭਾਈ ਸਾਹਿਬ ਭਾਈ ਤੇਜਿੰਦਰ ਸਿੰਘ ਜੀ ਸ਼ਿਮਲੇ ਵਾਲੇ 'ਦਰਬਾਰ ਸਾਹਿਬ' ਹਾਜ਼ਰੀ ਲੁਆਉਂਦੇ ਹਨ ਕੀਰਤਨ ਸੁਣਕੇ ਆਨੰਦ ਆ ਜਾਂਦਾ ਹੈ। ਇਸੇ ਤਰ੍ਹਾਂ ਸਿਆਣੇ ਕੀਰਤਨੀਆਂ ਨੂੰ ਦਰਬਾਰ ਸਾਹਿਬ ਹਾਜ਼ਰੀ ਲਾਉਣੀ ਚਾਹੀਦੀ ਹੈ।

ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਲਾਗੂ ਹੋਣ ਦੇ ਬਾਵਜੂਦ ਕਈ ਨਾਮਵਰ ਕੀਰਤਨੀਏ ਫਿਲਮੀ ਟਿਊਨਾਂ ਵਿਚ ਸ਼ਬਦ ਗਾ ਕੇ ਕੈਸਟਾਂ ਭਰਵਾ ਰਹੇ ਹਨ। ਜਿਨ੍ਹਾਂ ਨੂੰ ਅਣਜਾਣ ਲੋਕ ਗੁਰਬਾਣੀ ਹੀ ਮੰਨੀ ਜਾ ਰਹੇ ਹਨ। ਇਸ ਕਰਕੇ ਧਿਆਨ ਦੇਣ ਦੀ ਲੋੜ ਹੈ। ਜਥੇਦਾਰਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਪੈਸੇ ਦੇ ਲਾਲਚੀਆਂ ਦੀ ਸਾਰ ਲੈਣ, ਜੋ ਪੈਸਾ ਕਮਾਉਣ ਖਾਤਰ ਕੀਰਤਨ ਪ੍ਰੰਪਰਾ ਦਾ ਘਾਣ ਕਰ ਰਹੇ ਹਨ।

*- ਅਵਤਾਰ ਸਿੰਘ ਹੰਸ*

*ਗੁਰਬਾਣੀ ਕੀਰਤਨ ਅਕੈਡਮੀ, ਸੰਗਰੂਰ*

♦ ਡਾਕਟਰ ਜਾਗੀਰ ਸਿੰਘ ਜੀ ਵਲੋਂ 'ਕਰਉ ਬੇਨੰਤੀਆ' ਦੇ ਸਿਰਲੇਖ ਹੇਠ, 'ਸਾਖੀਆਂ ਵਿਚੋਂ ਸਿੱਖਿਆ', ਬਹੁਤ ਪਸੰਦ ਆਇਆ ਹੈ, ਕਿ ਸੁਰੀਲਾ ਕੀਰਤਨ ਕਰਨ ਵਾਲੇ ਕੀਰਤਨੀਏ ਕੋਮਲ ਚਿੱਤ ਹੁੰਦੇ ਹਨ। ਉਨ੍ਹਾਂ ਦੀਆਂ ਛੋਟੀਆਂ-ਮੋਟੀਆਂ ਵਿਅਕਤੀਗਤ ਊਣਤਾਈਆਂ ਨੂੰ ਅਣਡਿੱਠ ਕਰਕੇ, ਉਨ੍ਹਾਂ ਵਲੋਂ ਸੁਣਾਏ ਜਾ ਰਹੇ ਕੀਰਤਨ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪਰ ਇਹ ਤਦ ਹੀ ਹੋ ਸਕਦਾ ਹੈ, ਜੇ ਉਹ ਵੀ ਭਾਈ ਮਰਦਾਨੇ ਵਾਲਾ ਜੀਵਨ ਰੱਖਦੇ ਹੋਣ, ਅੰਦਰੋਂ ਬਾਹਰੋਂ ਇਕੋ ਹੋਣ, ਗੁਰੂ ਨਾਲ ਸੱਚੀ ਪ੍ਰੀਤ ਕਰਦੇ ਹੋਣ। ਇਸ ਯੁਗ ਵਿਚ ਇਹੋ ਜਿਹੇ ਕੀਰਤਨੀਏ ਲੱਭਣੇ ਬੜੇ ਅਉਖੇ ਹਨ। ਗੁਰੂ ਕਿਰਪਾ ਕਰੇ, ਉੱਚੇ ਆਚਰਣ ਵਾਲੇ, ਗੁਰੂ ਜਸ ਗਾਣ ਵਾਲੇ ਕੀਰਤਨੀਏ ਪੰਥ ਸਾਹਮਣੇ ਆਉਣ। ਅੱਜ ਪੰਥ ਨੂੰ ਕੀਰਤਨ ਰਾਹੀਂ ਸ਼ਬਦ ਨਾਲ ਜੋੜਨ ਦੀ ਬਹੁਤ ਜ਼ਰੂਰਤ ਹੈ। ਨਿਸ਼ਕਾਮ ਕੀਰਤਨ ਕਰਨ ਵਾਲੇ ਲੱਭੋ, ਜਿਨ੍ਹਾਂ ਨੂੰ ਮਾਇਆ ਲੋੜ ਅਨੁਸਾਰ ਦਿੱਤੀ ਜਾਵੇ ਤਾਂ ਜੋ ਉਹ ਇਕ ਮਨ ਹੋਕੇ ਕੀਰਤਨ ਕਰਨ, ਮਾਇਆ ਵਲ ਧਿਆਨ ਨ ਜਾਵੇ। ਅੱਜ ਸਾਡੇ ਪੰਥ ਨੂੰ ਵੀ ਗੁਰੂ ਦੱਸੇ ਰਸਤੇ ਵਾਲੇ ਰਬਾਬੀਆਂ ਕੀਰਤਨੀਆਂ ਨੂੰ ਸੰਭਾਲ ਕੇ ਰੱਖਣ ਦੀ ਜ਼ਰੂਰਤ ਹੈ।

'ਦਰਬਾਰ ਸਾਹਿਬ' ਦੀ ਕੀਰਤਨ ਪਰੰਪਰਾ, ਗੁਰਜੰਤ ਸਿੰਘ ਰਾਹੀ ਵਲੋਂ ਲਿਖਿਆ ਲੇਖ ਬਹੁਤ ਚੰਗਾ ਲੱਗਾ। ਉਸ ਵਿਚ ਉਨ੍ਹਾਂ ਸ਼ਬਦ ਤੇ ਰਾਗ 'ਤੇ ਜੋਰ ਦਿੱਤਾ ਹੈ। ਜਿਸ ਵਿਚ ਉਨ੍ਹਾਂ ਕਬੀਰ ਸਾਹਿਬ ਦਾ ਜ਼ਿਕਰ ਕੀਤਾ ਕਿ ਜੋ ਮਨੁੱਖ ਸ਼ਬਦ ਦੀ ਚੋਟ ਸਹਿਣ ਕਰੇ ਮੈਂ ਉਸ ਦਾ ਦਾਸ ਹੋਣ ਲਈ ਤਿਆਰ ਹਾਂ। ਸਾਨੂੰ ਕੀਰਤਨ ਸੰਗੀਤ ਧਾਰਮਿਕ ਵਿਰਸੇ ਵਿਚ ਮਿਲਿਆ ਹੈ। ਸਾਨੂੰ ਇਸਦੀ ਕਦਰ ਕਰਨੀ ਚਾਹੀਦੀ ਹੈ। ਜਿਥੋਂ ਤੱਕ ਹੋ ਸਕੇ ਰਾਗਾਂ ਵਿਚ ਕੀਰਤਨ ਕਰੀਏ। ਸੋ ਮੈਂ ਸਤਿਕਾਰ ਯੋਗ ਵੀਰ ਡਾ. ਜਾਗੀਰ ਸਿੰਘ ਜੀ ਨੂੰ ਬੇਨਤੀ ਕਰਦੀ ਹਾਂ ਕਿ ਆਪ ਖੁਦ ਉਪਰਾਲਾ ਕਰੋ। ਕੀਰਤਨ ਦਰਬਾਰਾਂ ਦੀ ਥਾਂ ਕੀਰਤਨ ਸਮਾਗਮ ਕਰਾਓ ਤਾਂ ਕਿ ਕੀਰਤਨ ਦਰਬਾਰਾਂ ਦੀ ਚਲੀ ਭੇਡ ਚਾਲ ਦੂਰ ਹੋ ਸਕੇ। ਮੈਨੂੰ ਵਾਹਿਗੁਰੂ 'ਤੇ ਪੂਰਾ ਭਰੋਸਾ ਹੈ ਉਹ ਆਪ ਤੋਂ ਇਹ ਕੰਮ ਜ਼ਰੂਰ ਕਰਵਾਉਣਗੇ ਅਤੇ ਆਪ ਆਪਣੀ ਜ਼ਿੰਦਗੀ ਵਿਚ ਇਸ ਚੰਗੇ ਉਦਮ ਲਈ ਸਿੱਖ ਸੰਗਤਾਂ ਵਿਚ ਜਾਣੇ ਜਾਓਗੇ।

ਤੁਸੀਂ ਬੇਸ਼ੱਕ ਅਜੇ ਛੋਟੇ ਪੱਧਰ 'ਤੇ ਹੀ, ਰਾਗਾਂ ਵਿਚ ਕੀਰਤਨ ਸਮਾਗਮ ਕਰਵਾਓ, ਆਪ ਜੀ ਦੀ ਦੇਖਾ ਦੇਖੀ ਬਾਕੀਆਂ ਵਿਚ ਜਾਗਰਤੀ ਆਵੇਗੀ। ਸੋ ਇਸ ਸ਼ੁਭ ਕੰਮ ਲਈ ਤੁਸੀਂ ਦੇਰੀ ਨਾ ਕਰੋ।

ਤੁਹਾਡੀ ਭੈਣ ਦੀਆਂ ਸ਼ੁਭ ਕਾਮਨਾਵਾਂ ਤੁਹਾਡੇ ਨਾਲ ਹਨ। ਸੋ ਆਪ ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਦਿਲਰੁਬਾ ਅਤੇ ਤਾਰ ਸ਼ਹਿਨਾਈ ਨਾਲ ਕੀਰਤਨ ਕਰਨ ਵਾਲੇ ਜਥੇ ਬੁਲਾਓ ਜੀ। ਭਾਈ ਕੁਲਬੀਰ ਸਿੰਘ ਬਟਾਲਾ, ਰਬਾਬ ਅਤੇ ਸਰੰਦੇ ਨਾਲ ਕੀਰਤਨ ਕਰਨ ਵਾਲੇ ਜੱਥੇ ਨੂੰ 'ਜੀ ਆਇਆਂ' ਆਖੋ। ਜੋ ਸੇਵਾ ਆਪ ਰਾਹੀਂ ਗੁਰੂ ਸਾਹਿਬ ਸਾਡੇ ਯੋਗ ਸਮਝਣਗੇ ਉਹ ਕਰਨਾ ਮੈਂ ਆਪਣਾ ਫਰਜ਼ ਸਮਝਾਂਗੀ ਜੀ।

***- ਜਸਬੀਰ ਕੌਰ***

*581/ਐਫ ਐਫ/3ਬੀ-1, ਐਸ ਏ ਐ ਨਗਰ, ਮੋਹਾਲੀ*

♦ ਖਾਲਸੇ ਦੇ ਜਨਮ ਦਿਨ 'ਵਿਸਾਖੀ' ਦੀ ਆਪ ਜੀ ਨੂੰ ਲੱਖ ਲੱਖ ਵਧਾਈ ਹੋਵੇ।

ਸ੍ਰ. ਭਗਵੰਤ ਸਿੰਘ ਦਿਲਾਵਰੀ ਦਾ ਲੇਖ ਧਰਮ ਤਾਂ ਇਕ ਹੀ ਹੈ, ਉਸਦਾ ਨਾਮ ਪਿਆਰ ਜਾਤ ਵੀ ਇਕੋ ਹੀ ਹੈ, ਉਸ ਦਾ ਨਾਮ ਹੈ ਮਾਨਵਤਾ। ਸ੍ਰ. ਸੋਹਣ ਸਿੰਘ ਚੰਡੀਗੜ੍ਹ ਦਾ ਲੇਖ 'ਜਪੁਜੀ ਸਾਹਿਬ ਦੀ ਮਨੁੱਖ ਨੂੰ ਦੇਣ', ਡਾ. ਜਸਬੀਰ ਸਿੰਘ ਸਰਨਾ ਦਾ ਲੇਖ 'ਸਿੰਘ ਅਤੇ ਕੌਰ', ਸ੍ਰ. ਗੁਰਜੰਤ ਸਿੰਘ ਰਾਹੀ ਦਾ ਲੇਖ 'ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ', 'ਵਾਹਿਗੁਰੂ ਗੁਰ ਸ਼ਬਦ ਸੁਣਾਇਆ' ਲੇਖ ਵਲੋਂ ਕਰਤਾਰ ਸਿੰਘ ਨੀਲਧਾਰੀ ਆਦਿਕ ਲੇਖ ਬਹੁਤ ਹੀ ਖੋਜ ਭਰਪੂਰ ਲੇਖ ਸਨ। ਮਨਮੋਹਨ ਸਿੰਘ ਅਤੇ ਭਾਈ ਚਰਨਜੀਤ ਸਿੰਘ ਜੀ ਖਾਲਸਾ ਵਲੋਂ ਭਾਈ ਜਗਸੀਰ ਸਿੰਘ ਰਾਗੀ ਅਤੇ ਭਾਈ ਬਲਦੇਵ ਸਿੰਘ ਕੋਮਲ ਜੀ ਬਾਰੇ ਜਾਣਕਾਰੀ ਬਹੁਤ ਹੀ ਖੂਬਸੂਰਤ ਸੀ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਰਾਗੀ ਜੱਥਾ C/o ਅਸ਼ੋਕਾ ਰਿਫਰੈਸ਼ਮੈਂਟ,*

*ਮੰਡੀ ਹਰਜੀਰਾਮ, ਮਲੋਟ (ਮੁਕਤਸਰ)*

♦ No word can express to you my heartiest thanks for March issue of 'Amrit Kirtan'. S. Bhagwant Singh Dilawari's article is an excellent piece of writing. I congratulate him. He is a great Yogi-KaramYogi. I am a great fan of Dilawari jee. Please do publish such type of materials.

***- B.S. Arora***

*211, Cheema Nagar, Ext., Jalandhar*

♦ I hope you are well. As you know my respected father Mr. Amar Singh Chhatwal passed away for heavenly abode on 25/01/04. I am carrying on with his work of publishing 'The Sikh Courier' quarterly. I enjoy reading your magazine 'Amrit Kirtan' and I look forward to receive it every time. You are also doing a wonderful job by publishing this magazine. The music section is very good and knowledgeable.

***- Mrs. H. Bharara***

*33 Wargrave Rd., South Harrow,*

*Middlesex, HA2 8LL*

## BECAUSE LOVE IS BLIND....

It had been a year since Susan became blind. Due to a medical misdiagnosis she had been rendered sightless, and she was suddenly thrown into a world of darkness, anger, frustration and self-pity. "How could this happen to me?"- A cloud of depression hung all over Susan's once optimistic spirit. All she had to cling to was her husband Mark.

Mark was an air force officer and he loved Susan with all his heart. When she first lost sight, he watched her sink into despair and was determined to help his wife gain the strength she needed to become independent again.

Susan felt ready for her job, but how would she get there? Mark volunteered to drive her to work everyday even though they worked at opposite ends of the City. At first, this comforted Susan and fulfilled Mark's need to protect his sightless wife who had become so insecure about performing the slightest task. Soon mark realized that this wasn't working- it was too hectic and costly. Susan will have to start taking the bus again, but the thought of mentioning it to her made him cringe. Just as Mark had thought, Susan was horrified at the idea of taking the bus. "I'm blind!" she responded bitterly. "Why are you abandoning me?" Mark's heart broke, but he knew what had to be done. He promised Susan that each day he would ride the bus with her until she got the hang of it. So for two weeks this continued. Mark taught her to rely on her other senses and to adapt to the new environment. Each morning they made the journey together and Mark would take a cab back to his office. Although this routine was even more costly and exhausting than the previous one, Mark knew it was a matter of time when Susan would be able to ride the bus on her own. Finally Susan decided she was ready to try it on her own. Finally one Monday after throwing her arms around Mark, her bus-riding companion, her husband, and her best friend she was ready to take the trip. Her eyes filled with tears of gratitude for his loyalty, his patience, and his love, she said good-bye, and for the first time, they went their separate ways.

On Friday morning, Susan took the bus to work as usual. As she was paying for her fare to exit the bus, the driver said, "Boy, I sure envy you." Susan wasn't sure if the driver was speaking to her or not. After all, who on earth would envy a blind woman? "Why do you envy me?" The bus driver responded, "It must be good to be taken care of and protected like you are." Susan had no idea what the driver was talking about. "What do you mean?" The driver said, "You know every morning for the past one week, a fine looking gentleman in a military uniform has been standing across the corner watching you when you get off the bus, he makes sure you cross the road safely and he watches you until you enter your office building. Then he blows you a kiss, gives you a little salute and walks away. You are one lucky lady ." Tears of happiness poured down Susan's cheeks. For although she couldn't see him, she had always felt Mark's presence. She was blessed, so blessed for he had given her a gift more powerful than sight, a gift she didn't need to see to believe- the gift of love which can bring light where there has been darkness.

(From the Internet)

**PAGE SPONSORED BY : AHUJA FAMILY**
C-353, Defence Colony New Delhi 110 024

## ਕਰਉ ਬੇਨੰਤੀਆ

# ਗੁਰੂ ਅੰਗਦ ਦੇਵ ਜੀ ਦੀਆਂ ਸਿੱਖਿਆਵਾਂ

ਆਪਣੇ ਵਿਰਸੇ ਨਾਲ ਜੁੜੇ ਮਹਾਂਪੁਰਸ਼ਾਂ ਦੀ ਯਾਦ ਮਨਾਉਣਾ ਇਕ ਸ਼ੁਭ ਕਾਰਜ ਹੈ। ਇਸ ਨਾਲ ਅਸੀਂ ਉਹਨਾਂ ਦੇ ਜੀਵਨ ਕਾਲ ਨਾਲ ਸੰਬੰਧਤ ਸਿੱਖਿਆਵਾਂ ਤੋਂ ਜਾਣੂ ਹੁੰਦੇ ਹਾਂ। ਗੁਰੂ ਅੰਗਦ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਮਨਾਉਣਾ ਹੋਰ ਵੀ ਲਾਹੇਵੰਦ ਹੋਵੇਗਾ ਜੇ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਾਂਗੇ।

ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਸੀ। ਜਦੋਂ ਉਹ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਏ ਉਦੋਂ ਉਨ੍ਹਾਂ ਦੀ ਉਮਰ ਲਗਭਗ 27 ਸਾਲ ਸੀ। ਉਹ ਗੁਰੂ ਨਾਨਕ ਦੇਵ ਜੀ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਫਿਰ ਉਥੇ ਕਰਤਾਰਪੁਰ ਵਿਖੇ ਗੁਰੂ ਜੀ ਪਾਸ ਹੀ ਰਹਿਣ ਲੱਗ ਪਏ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਜੀ ਅੱਗੇ ਸਮਰਪਿਤ ਕਰ ਦਿੱਤਾ ਅਤੇ ਸੱਚੇ ਅਰਥਾਂ ਵਿਚ ਸਿੱਖ ਬਣ ਗਏ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਇਤਨੀ ਸ਼ਰਧਾ ਅਤੇ ਲਗਨ ਨਾਲ ਅਪਣਾਇਆ ਕਿ ਉਨ੍ਹਾਂ ਦਾ ਦਰਜਾ ਬਾਕੀ ਸਾਰੇ ਸਿੱਖਾਂ ਤੋਂ ਉਚੇਰਾ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਆਪਣੀ ਗੁਰਗੱਦੀ ਤੇ ਸਥਾਪਤ ਕਰ ਦਿੱਤਾ ਅਤੇ ਨਾਲ ਹੀ ਉਨ੍ਹਾਂ ਦਾ ਨਾਮ ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਰੱਖ ਦਿੱਤਾ।

ਗੁਰੂ ਅੰਗਦ ਦੇਵ ਜੀ ਨੇ ਹੋਰ ਸਮਾਜਿਕ ਕਾਰਜ ਕਰਨ ਦੇ ਨਾਲ ਨਾਲ ਗੁਰਮੁਖੀ ਲਿਪੀ ਨੂੰ ਪ੍ਰਚਲਤ ਕਰਨ, ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਲਿਖਵਾਉਣ ਅਤੇ ਲੰਗਰ ਦੀ ਪ੍ਰਥਾ ਚਲਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਰਾਹੀਂ ਰਚੀ ਬਾਣੀ ਵਿਚੋਂ ਕੁਝ ਸਿੱਖਿਆਵਾਂ ਸਾਨੂੰ ਸਹਿਜੇ ਹੀ ਪ੍ਰਾਪਤ ਹੋ ਜਾਂਦੀਆਂ ਹਨ।

ਗੁਰੂ ਅੰਗਦ ਦੇਵ ਜੀ ਅਨੁਸਾਰ ਗੁਰੂ ਦਾ ਦਰਜਾ ਬੜਾ ਉੱਚਾ ਹੈ। ਉਸ ਵਲੋਂ ਪ੍ਰਾਪਤ ਗਿਆਨ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਸਕਦਾ ਹੈ:

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।*

*ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥*

ਆਪਣੇ ਆਪ ਨੂੰ ਨਿਮਰ ਰੱਖਦਿਆਂ ਚੰਗੇਰੇ ਅਤੇ ਉਚੇਰੇ ਜੀਵਨ ਦੀ ਲੋਚਾ ਰੱਖਣੀ ਚਾਹੀਦੀ ਹੈ। ਗੁਰੂ ਜੀ ਇਸ ਲੋਚਾਂ ਨੂੰ ਬਿਰਹਾ ਆਖਦੇ ਹਨ। ਜਿਸ ਸਰੀਰ ਵਿਚ ਇਹ ਲੋਚਾ ਨਹੀਂ ਉਹ ਸਰੀਰ ਸਾੜਨ ਯੋਗ ਹੈ।

*ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥*

*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ, ਸੋ ਪਿੰਜਰੁ ਲੈ ਜਾਰਿ॥*

ਸਾਰੇ ਜੀਵ ਪ੍ਰਮਾਤਮਾ ਨਾਲ ਸੰਬੰਧਤ ਹਨ।

ਉਹ ਇਸ ਸੰਸਾਰ ਵਿਚ ਹੀ ਵਸਦਾ ਹੈ ਇਸ ਲਈ ਆਪਣਾ ਜੀਵਨ ਸੁਚੇਤ ਹੋ ਕੇ ਜੀਉਣਾ ਚਾਹੀਦਾ ਹੈ:

*ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥*

.....

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*

ਸਾਨੂੰ ਆਪਣੇ ਜੀਵਨ ਵਿਚ ਚੰਗੇ ਕੰਮ ਕਰਨੇ ਚਾਹੀਦੇ ਹਨ ਕਿਉਂਕਿ ਪ੍ਰਮਾਤਮਾ ਸਾਡੇ ਕਰਮਾਂ ਉਪਰ ਨਜ਼ਰ ਰੱਖਦਾ ਹੈ। ਜਿਹੜਾ ਧਰਮ ਕਮਾਉਂਦਾ ਹੈ ਉਸ ਨੂੰ ਹੀ ਚੰਗਾ ਗਿਣਿਆ ਜਾਂਦਾ ਹੈ:

*ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ॥*

.....

*ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਵੈ ਪਾਪੀ ਜਾਣੀਐ॥*

ਜਿਹੜੇ ਅੰਮ੍ਰਿਤ ਵੇਲੇ ਜਾਗਦੇ ਹਨ ਉਹਨਾਂ ਦੀ ਸੁਰਤ ਖਿੜੀ ਰਹਿੰਦੀ ਹੈ:

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*

ਸੰਗਤ ਦੀ ਮਹੱਤਤਾ ਦੱਸਦਿਆਂ ਵਿਦਵਾਨਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੇ ਹਨ:

*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥*

*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥*

ਮਨੁੱਖ ਨੂੰ ਆਪਣੀ ਪੜਚੋਲ ਆਪ ਹੀ ਕਰਨੀ ਚਾਹੀਦੀ ਹੈ:

*ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥*

ਜੀਵਨ ਵਿਚ ਇਜ਼ਤ ਪ੍ਰਾਪਤ ਕਰਨ ਲਈ ਆਪਣੀ

ਵਡਿਆਈ ਦੀਆਂ ਗੱਲਾਂ ਕਰਨ ਦੀ ਲੋੜ ਨਹੀਂ ਸਗੋਂ ਆਪਣੀ ਸਰੀਰਕ ਸੌਖ ਅਤੇ ਹਉਮੈ ਨੂੰ ਤਿਆਗ ਕੇ ਸੁਚੱਜੇ ਕਾਰਜ ਕਰਨ ਨਾਲ ਅਸਲੀ ਇੱਜ਼ਤ ਮਿਲਦੀ ਹੈ:

*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦ।*
*ਆਪ ਗਵਾਏ ਸੇਵਾ ਕਰੇ ਤਾ ਕਿਛ ਪਾਏ ਮਾਨ॥*

ਬੇਲੋੜੇ ਮਾਇਕ ਪਦਾਰਥਾਂ ਨੂੰ ਇਕੱਤਰ ਕਰਨ ਨੂੰ ਵਿਅਰਥ ਦੱਸਦਿਆਂ ਗੁਰੂ ਜੀ ਫੁਰਮਾਉਂਦੇ ਹਨ:

*ਜਿਨੀ ਚਲਣ ਜਾਣਿਆ ਸੇ ਕਿਉ ਕਰਹਿ ਵਿਥਾਰ॥*
*ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥*

.....

*ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣ ਹੋਇ॥*
*ਨਾਨਕ ਨਾਲਿ ਨ ਚਲਈ ਫਿਰ ਪਛਤਾਵਾ ਹੋਇ॥*

ਕਿਸੇ ਕੰਮ ਨੂੰ ਕਰਨ ਲਈ ਮਨ ਵਿਚ ਚਾਅ ਅਤੇ ਸ਼ੌਕ ਹੋਣਾ ਚਾਹੀਦਾ ਹੈ। ਮਜ਼ਬੂਰੀ ਨਾਲ ਕੀਤਾ ਕੰਮ ਖੁਸ਼ੀ ਨਹੀਂ ਦਿੰਦਾ:

*ਬਧਾ ਚਟੀ ਜੋ ਭਰੇ ਨਾ ਗੁਣ ਨਾ ਉਪਕਾਰ॥*
*ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥*

ਇਸ ਤਰ੍ਹਾਂ ਆਪਣੇ ਗੁਰੂ ਪ੍ਰਤੀ ਸ਼ਰਧਾ, ਅੱਗੇ ਵਧਣ ਦੀ ਲੋਚਾ, ਸਾਰਥਕ ਕੰਮ ਕਰਨੇ, ਚੰਗੀ ਸੰਗਤ, ਸਵੈ ਪੜਚੋਲ, ਲਾਲਚ ਰਹਿਤ ਜੀਵਨ, ਖੁਸ਼ੀ ਖੁਸ਼ੀ ਕੰਮ ਕਰਨ ਨਾਲ ਸੰਬੰਧਤ ਸਿੱਖਿਆਵਾਂ ਅਨੁਸਾਰ ਚਲਦਿਆਂ ਅਜੋਕਾ ਮਨੁੱਖ ਵੀ ਆਪਣੇ ਜੀਵਨ ਨੂੰ ਸਫਲ ਕਰ ਸਕਦਾ ਹੈ।

# ਗੁਰਮਤਿ ਸੰਗੀਤ : ਪ੍ਰਮੁਖ ਕੀਰਤਨਕਾਰ ਤੇ ਕੀਰਤਨ ਸੇਵੀ

ਡਾ. ਗੁਰਨਾਮ ਸਿੰਘ : ਪ੍ਰੋਫੈਸਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰਮਤਿ ਸੰਗੀਤ ਪਰੰਪਰਾ ਮੱਧਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਦੇ ਵਿਸਤਰਿਤ ਪਸਾਰੇ ਵਾਲੀ ਵਡੇਰੀ ਜੀਵੰਤ ਪਰੰਪਰਾ ਹੈ ਜੋ ਆਪਣੇ ਵਿਸ਼ਿਸ਼ਟ ਪਰਬੰਧ ਤੇ ਪਸਾਰ ਦੀ ਮੌਲਿਕਤਾ ਸਦਕਾ ਭਾਰਤੀ ਸੰਗੀਤ ਦੇ ਸ਼ਾਸਤਰੀ ਬਿਖੇੜੇ ਬਾਜ਼ੀਆਂ ਤੋਂ ਨਿਰਲੇਪ ਰਹੀ। ਮੱਧਕਾਲੀਨ ਸੰਗੀਤ ਦੇ ਕੁਝ ਮਹੱਤਵਪੂਰਨ ਨਕਸ਼ ਇਸੇ ਪਰੰਪਰਾ ਵਿਚੋਂ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਵਿਚ ਪਰਯੁਕਤ ਰਾਗ, ਗਾਇਨ ਰੂਪ, ਪਰਯੁਕਤ ਸਾਜ਼ ਆਦਿ ਵਿਵਹਾਰਕ ਰੂਪ ਵਿਚ ਇਕ ਵਿਸ਼ਾਲ ਅਮੀਰ ਸੰਗੀਤ ਵਿਰਾਸਤ ਦੇ ਧਾਰਨੀ ਹਨ ਜੋ ਸੀਨਾ ਬ ਸੀਨਾ ਸਿਖਲਾਈ ਵਿਵਹਾਰ ਅਤੇ ਨਿਤਾਪ੍ਰਤੀ ਦੀ ਮਰਿਆਦਤ ਪਰੰਪਰਾ ਦੇ ਨਿਰੰਤਰ ਰਿਆਜ਼ 'ਚੋਂ ਗੁਜ਼ਰ ਕੇ ਸਾਡੇ ਤੱਕ ਪਹੁੰਚੇ ਹਨ। ਇਸ ਪਰੰਪਰਾ ਨੂੰ ਜੀਵੰਤ ਰੂਪ ਵਿਚ ਕਾਰਜਸ਼ੀਲ ਰੱਖਣ ਵਾਲੇ ਸੰਗੀਤਕਾਰ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਤਿਕਾਰ ਤੇ ਸ਼ਲਾਘਾ ਦੇ ਪਾਤਰ ਰਹੇ ਹਨ। ਜਿਨ੍ਹਾਂ ਨੂੰ 'ਭਾਈ' ਦੀ ਉੱਚ ਪਦਵੀ ਪ੍ਰਾਪਤ ਸੀ। ਸਿੱਖ ਧਰਮ ਦੇ ਪ੍ਰਥਮ ਰਬਾਬੀ ਕੀਰਤਨੀਏ ਭਾਈ ਮਰਦਾਨਾ ਨਾਲ ਅਟੁਟ ਸਾਂਝ ਅਤੇ ਸਿੱਖ ਧਰਮ ਦੇ ਵਿਚ ਬਾਣੀ ਪ੍ਰਸਤੁਤੀ ਪਰਚਾਰ, ਪਸਾਰ ਵਿਚ ਗੁਰਮਤਿ ਸੰਗੀਤ ਦੇ ਇਹਨਾਂ ਕੀਰਤਨੀ ਪੈਰੋਕਾਰਾਂ ਦੇ ਯੋਗਦਾਨ ਵਿਸ਼ੇਸ਼ ਸਤਿਕਾਰ ਦਾ ਪਾਤਰ ਰਿਹਾ ਹੈ। ਸ਼ਬਦ ਕੀਰਤਨ ਦੁਆਰਾ ਸਦੀਆਂ ਤੋਂ ਗੁਰ ਸ਼ਬਦ ਸੰਦੇਸ਼ ਦਾ ਨਿਰੰਤਰ ਪਰਵਾਹ ਚਲਾਉਣ ਵਾਲੇ ਇਹਨਾਂ ਨਿਸ਼ਠਾਵਾਨ ਕੀਰਤਨਕਾਰਾਂ ਦੇ ਜੀਵਨ ਤੇ ਯੋਗਦਾਨ ਤੋਂ ਇਸ ਵਿਵਹਾਰਕ ਪਰੰਪਰਾ ਦੇ ਜੀਵੰਤ ਨਕਸ਼ ਸਾਡੇ ਸਾਹਮਣੇ ਪ੍ਰਗਟ ਹੁੰਦੇ ਹਨ।

**ਭਾਈ ਮਰਦਾਨਾ** - ਗੁਰਮਤਿ ਸੰਗੀਤ ਅਤੇ ਗੁਰੂ ਨਾਨਕ ਦੁਆਰਾ ਵਰੋਸਾਏ ਪ੍ਰਥਮ ਕੀਰਤਨੀਏ ਰਬਾਬੀ ਭਾਈ ਮਰਦਾਨਾ ਸਨ ਆਪ ਗੁਰੂ ਨਾਨਕ ਦੇਵ ਜੀ ਦੇ ਪਰਮੁਖ ਸਾਥੀ, ਅਨਿਕ ਸੇਵਕ ਸਨ ਜੋ ਗੁਰੂ ਸਾਹਿਬ ਦੇ ਜੀਵਨ ਯਾਤਰਾ ਦੇ ਅਨਿਖੜ ਅੰਗ ਵਜੋਂ ਵਿਚਰੇ। ਘਰ ਬਾਹਰ ਦਾ ਤਿਆਗ ਕਰਕੇ ਅਕਾਲ ਰੂਪ ਗੁਰੂ ਨਾਨਕ ਸੰਗ ਤੁਰ ਪੈਣਾ ਕੋਈ ਸਧਾਰਨ ਬਾਤ ਨਹੀਂ ਸੀ। ਓਹਨਾਂ ਦੋਹਾਂ ਵਿਚ ਸ਼ਬਦ ਤੇ ਸੰਗੀਤ ਦੀ ਬੁਨਿਆਦੀ ਅਟੁੱਟ ਸਾਂਝ ਸੀ। ਮਰਦਾਨਾ ਓਸਦੀ ਰਬਾਬ ਦਾ ਸੰਗੀਤ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਕੀਰਤਨ ਦਾ ਅਨਿਖੜ ਅੰਗ ਸਨ। ਕੁਝ ਭੁਲੜ ਇਤਿਹਾਸਕਾਰਾਂ ਨੇ ਭਾਈ ਮਰਦਾਨਾ ਨੂੰ ਕਲਜੁਗੀ ਜੀਵ ਦੇ ਰੂਪ ਵਿਚ ਹਾਸਰਸੀ ਵਿਧੀ ਦੁਆਰਾ ਚਿਤਰਿਆ ਹੈ ਪਰ ਮਰਦਾਨੇ ਦੀਆਂ ਵਡਿਆਈਆਂ ਸਾਹਮਣੇ ਇਹ ਸਭ ਬਿਰਤਾਂਤ ਕੁਥਾਂਵੇ ਜਾਪਦੇ ਹਨ। ਡਾ. ਭਾਈ ਬਲਬੀਰ ਸਿੰਘ ਲਿਖਦੇ ਹਨ :-

"ਗੁਰੂ ਬਾਬੇ ਦੀ ਦੋਸਤੀ ਮਰਦਾਨੇ ਨਾਲ ਸੰਕੇਤ ਸੀ ਸੁਰ ਤੇ ਸ਼ਬਦ ਦੇ ਮਿਲਾਪ ਦਾ॥ ਬਾਬਾ ਸ਼ਬਦ ਰੂਪ ਸੀ ਮਰਦਾਨਾ ਸੁਰਤਿ ਸੀ। ਸੁਰਤਿ ਭੁਲ ਜਾਂਦੀ ਸੀ, ਕਲਯੁਗ ਆ ਜਾਂਦਾ ਸੀ। ਸੁਰਤਿ ਡਰ ਜਾਂਦੀ ਸੀ। ਸ਼ਬਦ ਦੀ ਤਾਰ ਟੁੱਟ ਜਾਂਦੀ ਸੀ... ਮਰਦਾਨਾ ਸੰਕੇਤ ਹੈ ਉਸ ਹੁਨਰ ਦਾ ਜਿਸ ਨੇ ਕਲਯੁਗ ਉੱਤੇ ਫਤਹਿ ਪਾਉਣੀ ਹੈ। ਉਹ ਪਹਿਲਾਂ ਆਦਮੀ ਸੀ ਜਿਸ ਦਾ ਮਨ ਗੁਰੂ ਨੇ ਸ੍ਵ-ਬ੍ਰਹਮ ਨਾਲ ਵਿਭੂਸ਼ਤ ਕਰ ਦਿੱਤਾ ਸੀ। ਮਰਦਾਨਾ ਸੇਵਕ ਸੀ, ਸਿੱਖ ਸੀ, ਚੇਲਾ ਸੀ, ਰਾਗੀ ਸੀ, ਰਬਾਬੀ ਸੀ ਪਰ ਜੋ ਕੁਝ ਵੀ ਸੀ ਉਹ ਇਸ ਗੱਲ ਦਾ ਮਾਣ ਜ਼ਰੂਰ ਰੱਖਦਾ ਸੀ ਕਿ ਗੁਰੂ ਦਾ ਦੋਸਤ ਸੀ।"[1]

'ਖਸਮ ਕੀ ਬਾਣੀ' ਦੀ ਸ਼ਬਦ ਪ੍ਰਸਤੁਤੀ ਨਾਲ ਸੰਗਤ ਕਰਨ ਵਾਲੇ ਪ੍ਰਥਮ ਵਾਦਕ ਰਬਾਬੀ ਭਾਈ ਮਰਦਾਨਾ ਦਾ ਜਨਮ ਤਲਵੰਡੀ ਜ਼ਿਲਾ ਸ਼ੇਖ਼ੂਪੁਰਾ ਵਿਖੇ 1459 ਈਸਵੀ ਨੂੰ ਮੀਰ ਬਾਦਰੇ ਅਤੇ ਮਾਤਾ ਲਖੋ ਦੇ ਘਰ ਹੋਇਆ। ਆਪ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ ਸਨ। ਲੋਕਾਈ ਸੋਧਣ ਲਈ ਜਦੋਂ ਗੁਰੂ ਨਾਨਕ ਦੇਸ਼ ਦੇਸ਼ਾਂਤਰਾਂ ਦੇ ਰਟਣ ਲਈ ਉਦਾਸੀਆਂ ਧਾਰੀਆਂ ਤਾਂ ਆਪ ਨੇ ਭਾਈ ਮਰਦਾਨਾ ਨੂੰ ਆਪਣਾ ਸਾਥੀ ਚੁਣਿਆ। ਓਹਨਾਂ ਭਾਈ ਮਰਦਾਨੇ ਨੂੰ ਭਾਈ ਫਿਰੰਦਾ (ਭਾਈ ਫੇਰੂ) ਕੋਲੋਂ ਵਿਸ਼ੇਸ਼ ਪਰਕਾਰ ਦਾ ਰਬਾਬ ਤਿਆਰ ਕਰਵਾ ਕੇ ਦਿੱਤਾ ਜੋ ਪ੍ਰਚੱਲਤ ਰਬਾਬਾਂ ਤੋਂ ਭਿੰਨ ਸੀ। ਗੁਰੂ ਸਾਹਿਬ ਉਦਾਸੀਆਂ ਸਮੇਂ ਜਿਨ੍ਹਾਂ ਜਿਨ੍ਹਾਂ ਵੀ ਪੈਂਡਿਆਂ ਤੇ ਗਏ ਭਾਈ ਮਰਦਾਨਾ ਹੀ ਸੀ ਜਿਸ ਦੁਆਰਾ ਸਿਰਜਿਆ ਸੰਗੀਤ ਅਤੇ ਪ੍ਰਸਥਿਤੀਆਂ ਲੋਕਾਂ ਨੂੰ ਉਪਦੇਸ਼ ਦੇਣ ਵਿਚ ਸਹਾਈ ਹੋਈਆਂ ਸਨ।

**ਭਾਈ ਸਜਾਦਾ (ਭਾਈ ਸ਼ਹਿਜ਼ਾਦ)** - ਭਾਈ ਮਰਦਾਨਾ

ਤੋਂ ਬਾਅਦ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਦੀ ਸੇਵਾ ਕਰਨ ਵਾਲੇ ਭਾਈ ਸਜਾਦਾ ਭਾਈ ਮਰਦਾਨਾ ਦੇ ਸਪੁੱਤਰ ਸਨ। ਇਹਨਾਂ ਦੇ ਜੀਵਨ ਸਬੰਧੀ ਸਿੱਖ ਇਤਿਹਾਸ ਤੋਂ ਵਿਸ਼ੇਸ਼ ਵੇਰਵੇ ਪ੍ਰਾਪਤ ਨਹੀਂ ਹੁੰਦੇ।

**ਭਾਈ ਸਾਦੂ ਭਾਈ ਬਾਦੂ** - ਭਾਈ ਸਜਾਦਾ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਸਾਦੂ ਅਤੇ ਭਾਈ ਬਾਦੂ ਦੀ ਜੋੜੀ ਵੀ ਸ਼ਬਦ ਕੀਰਤਨ ਦੁਆਰਾ ਹਰਿ ਜਸ ਦਾ ਨਾਮਣਾ ਖੱਟਦੀ ਰਹੀ।

**ਭਾਈ ਦੀਪਾ** - ਢੱਲ ਸਥਾਨ ਦੇ ਨਿਵਾਸੀ ਭਾਈ ਦੀਪਾ ਗੁਰੂ ਅੰਗਦ ਦੇਵ ਜੀ ਦੇ ਪ੍ਰੇਮੀ ਸਿੱਖ ਸਨ ਜਿਨ੍ਹਾਂ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਸਮੇਂ ਸਮੇਂ ਗੁਰੂ ਦਰਬਾਰ ਵਿਚ ਕੀਰਤਨ ਦੀ ਸੇਵਾ ਕੀਤੀ।

**ਭਾਈ ਪਾਧਾ ਤੇ ਭਾਈ ਬੂਲਾ** - ਗੁਰੂ ਅਮਰਦਾਸ ਜੀ ਦੇ ਦਰਬਾਰ ਦੇ ਦੋ ਪ੍ਰਸਿੱਧ ਸਿੱਖ ਭਾਈ ਪਾਧਾ ਤੇ ਬੂਲਾ ਗੁਰਬਾਣੀ ਦਾ ਗਾਇਨ ਕਰਨ ਅਤੇ ਇਸ ਨੂੰ ਸੁੰਦਰ ਲਿਖਾਈ ਵਿਚ ਲਿਖ ਕੇ ਦੂਰੋਂ ਦੂਰੋਂ ਆਈਆਂ ਸੰਗਤਾਂ ਨੂੰ ਭੇਟ ਕਰਨ ਦੀ ਸੇਵਾ ਕਰਿਆ ਕਰਦੇ ਸਨ। ਇਹਨਾਂ ਦੇ ਸਬੰਧ ਵਿਚ ਭਾਈ ਗੁਰਦਾਸ ਜੀ ਨੇ ਇਉਂ ਫੁਰਮਾਇਆ ਹੈ:-

*ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ*

*ਵਾਰ ੧੧ ਪਉੜੀ ੧੪*

**ਭਾਈ ਉਗਰਸੈਨ ਭਾਈ ਰਾਮੂ ਅਤੇ ਭਾਈ ਨਗੌਰੀ ਮੱਲ** - ਭਾਈ ਉਗਰਸੈਨ, ਭਾਈ ਰਾਮੂ ਅਤੇ ਭਾਈ ਨਗੌਰੀ ਮੱਲ ਗੁਰੂ ਅਮਰਦਾਸ ਜੀ ਦੇ ਧਰਮ ਸ਼ਰਧਾਲੂ ਸਿੱਖ ਸਨ। ਇਹ ਡਲਾ ਸਥਾਨ ਦੇ ਨਿਵਾਸੀ ਸਨ ਅਤੇ ਗੁਰੂ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ। ਜਦੋਂ ਕਿ ਭਾਈ ਰਾਮੂ ਗੁਰੂ ਅਰਜਨ ਦੇਵ ਜੀ ਤੱਕ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।

**ਭਾਈ ਝਾਜੂ ਭਾਈ ਮੁਕੰਦ ਭਾਈ ਕਿਦਾਰਾ** - ਭਾਈ ਝਾਜੂ ਭਾਈ ਮੁਕੰਦ ਅਤੇ ਭਾਈ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ ਇਹਨਾਂ ਵਿਚ ਭਾਈ ਮੁਕੰਦ ਰਾਗ ਵਿੱਦਿਆ ਦੇ ਪੰਡਤ ਮੰਨੇ ਜਾਂਦੇ ਸਨ ਭਾਈ ਗੁਰਦਾਸ ਜੀ ਨੇ ਵਾਰ ੧੧ ਪਉੜੀ ੧੯ ਵਿਚ ਇਹਨਾਂ ਬਾਰੇ ਇਉਂ ਲਿਖਿਆ ਹੈ:-

*ਝਾਜੂ ਅਤੇ ਮੁਕੰਦ ਹੈ ਕੀਰਤਨੁ ਕਰੈ ਹਜੂਰਿ ਕਿਦਾਰਾ*

**ਭਾਈ ਬਲਵੰਡ ਤੇ ਭਾਈ ਸਤਾ** - ਭਾਈ ਮਰਦਾਨਾ ਵਾਗੂੰ ਭਾਈ ਬਲਵੰਡ ਤੇ ਭਾਈ ਸਤਾ ਨੂੰ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੋਇਆ। ਭਾਈ ਬਲਵੰਡ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਸਮੇਂ ਤੱਕ ਕੀਰਤਨ ਕਰਦੇ ਸਨ। ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਹਨਾਂ ਬਾਰੇ ਇਉਂ ਲਿਖਿਆ ਹੈ :-

*ਹੁਤੋ ਡੂਮ ਬਲਵੰਡ ਮਹਾਨਾ।*

*ਸਤਾ ਤਿਸਕੋ ਅਨੁਜ ਸਜਾਨਾ॥*

ਕੁਝ ਵਿਦਵਾਨ ਸਤੇ ਨੂੰ ਬਲਵੰਡ ਦਾ ਪੁੱਤਰ ਵੀ ਮੰਨਦੇ ਹਨ ਪਰ ਇਹ ਸਰਬ ਪਰਵਾਨਤ ਸੱਚ ਹੈ ਕਿ ਸਤਾ ਤੇ ਬਲਵੰਡ ਗੁਰੂ ਘਰ ਦੇ ਪ੍ਰਸਿੱਧ ਰਬਾਬੀ ਕੀਰਤਨੀਏ ਸਨ ਜਿਨ੍ਹਾਂ ਉਪਰ ਗੁਰੂ ਦੀ ਅਪਾਰ ਬਖਸ਼ਿਸ ਸੀ ਆਪ ਰਬਾਬ ਅਤੇ ਸਰੰਦੇ ਨਾਲ ਕੀਰਤਨ ਕਰਿਆ ਕਰਦੇ ਸਨ। ਕਾਵਿ ਅਤੇ ਸੰਗੀਤ ਦੇ ਮਾਹਰ ਇਹਨਾਂ ਰਬਾਬੀਆਂ ਨੂੰ ਗੁਰੂ ਜੀ ਨੇ ਇਨ੍ਹਾਂ ਮਾਣ ਦਿੱਤਾ ਕਿ ਗੁਰੂ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੁਆਰਾ ਰਚਿਤ ਰਾਮਕਲੀ ਦੀ ਵਾਰ (ਟਿੱਕੇ ਦੀ ਵਾਰ) ਦਰਜ ਹੈ,[2] ਇਸ ਵਾਰ ਨੂੰ ਇਹਨਾਂ ਰਬਾਬੀਆਂ ਨੇ ਗੁਰਿਆਈ ਦੇ ਤਿਲਕ ਸਮੇਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਗਾਇਨ ਕੀਤਾ ਜਿਸ ਅਧੀਨ ਗੁਰੂ ਜੋਤ ਦੀ ਅਭੇਦਤਾ ਅਤੇ ਗੁਰ ਜੋਤ ਦਾ ਵੱਖ ਵੱਖ ਗੁਰੂ ਰੂਪਾਂ ਵਿਚ ਪਲਟਣ ਦੀ ਅਧਿਆਤਮਕ ਰਮਜ਼ ਨੂੰ ਪ੍ਰਸਤੁਤ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰ ਦੋਹਾਂ ਭਰਾਵਾਂ ਨੇ ਮਾਇਆ ਦੀ ਤੰਗੀ ਕਾਰਨ ਲਾਲਚ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਨੂੰ ਆਖਿਆ ਕਿ ਸਾਨੂੰ ਚੜ੍ਹਾਵਾ ਦਿੱਤਾ ਜਾਵੇ ਤਾਂ ਜੋ ਅਸੀਂ ਆਪਣੀ ਲੋੜ ਪੂਰੀ ਕਰ ਸਕੀਏ। ਪਰ ਦੇਵ ਨੇਤ ਨਾਲ ਉਸ ਦਿਨ ਚੜ੍ਹਾਵਾ ਬਹੁਤ ਘੱਟ ਚੜ੍ਹਿਆ ਜਿਸ ਕਾਰਨ ਇਹਨਾਂ ਭਰਾਵਾਂ ਨੇ ਗੁਰਦਰਬਾਰ ਵਿਚ ਕੀਰਤਨ ਕਰਨਾ ਛੱਡ ਦਿੱਤਾ। ਬਾਅਦ ਵਿਚ ਇਕ ਪਰਉਪਕਾਰੀ ਸਿੱਖ ਭਾਈ ਲੱਧਾ ਨੇ ਇਹਨਾਂ ਨੂੰ ਬਖਸ਼ਵਾਇਆ।[3] ਇਹ ਸਾਖੀ ਕਿਵੇਂ ਵੀ ਹੋਵੇ ਪਰ ਗੁਰੂ ਅਰਜਨ ਦੇਵ ਜੀ ਨਾਲ ਇਹਨਾਂ ਦੋ ਮਹਾਨ ਰਬਾਬੀ ਕੀਰਤਨੀਆਂ ਦਾ ਰੁੱਸਣਾ ਇਹਨਾਂ ਦੇ ਹੁਨਰ ਦਾ ਮਾਣ ਸੀ ਅਤੇ ਬਖਸ਼ਿੰਦ ਗੁਰੂ ਦੁਆਰਾ ਮਨਾਏ ਜਾਣ ਦੀ ਆਸ ਵੀ। ਇਹਨਾਂ ਦੇ ਰੁਸ ਜਾਣ ਤੋਂ ਸਮੂਹ ਸਿੱਖ ਸੰਗਤਾਂ ਨੂੰ ਸੰਪੂਰਨ ਸ਼ਰਧਾ ਅਤੇ ਪਿਆਰ ਸਾਹਿਤ ਕੀਰਤਨ ਕਰਨ ਦਾ ਅਸ਼ੀਰਵਾਦ ਦਿੱਤਾ ਅਤੇ ਗੁਰੂ ਪ੍ਰਸਾਦਿ ਰੂਪ ਵਿਚ ਮਿਲਿਆ ਇਹ ਕੀਰਤਨ ਦੀ ਸ਼ੁਧ ਰਾਗਾਤਮਕ ਕਲਾਤਮਕ ਮੋਹਾਰਤ ਦੀ ਧਾਰਨੀ ਰਬਾਬੀ ਪਰੰਪਰਾ ਅਤੇ ਸਧਾਰਨ

ਸੰਗਤਾਂ ਦੁਆਰਾ ਸ਼ਰਧਾ ਸਹਿਤ ਕੀਰਤਨ ਦੀ ਪਰੰਪਰਾ ਇਹਨਾਂ ਮਹਾਨ ਰਬਾਬੀ ਸੰਗੀਤਕਾਰਾਂ ਦੀ ਯਾਦ ਇਤਿਹਾਸਕ ਰੂਪ ਵਿਚ ਸਜੀਵ ਬਣ ਰਹੀ ਹੈ।

**ਭਾਈ ਬਾਬਕ** - ਗੁਰੂ ਹਰਿਗੋਬਿੰਦ ਸਾਹਿਬ ਦੇ ਨਿਕਟਵਰਤੀ ਸਿੱਖਾਂ ਵਿਚੋਂ ਇਕ ਭਾਈ ਬਾਬਕ ਜਿਥੇ ਤਲਵਾਰ ਦੇ ਧਨੀ ਸਨ ਉਥੇ ਗੁਰ ਦਰਬਾਰ ਦੇ ਕੀਰਤਨਕਾਰ ਵੀ ਸਨ। ਆਪ ਗੁਰੂ ਹਰਿਗੋਬਿੰਦ ਸਾਹਿਬ ਦੀ ਚਲਾਈ ਮੀਰੀ ਪੀਰੀ ਪਰੰਪਰਾ ਦੇ ਅਨੁਯਾਈ ਅਤੇ ਭਗਤੀ ਸ਼ਕਤੀ ਦਾ ਸੁਮੇਲ ਰੂਪ ਸਨ। ਇਹਨਾਂ ਇਕੋ ਸਮੇਂ ਤਲਵਾਰ ਤੇ ਰਬਾਬ ਨਾਲ ਅਟੁੱਟ ਪ੍ਰੀਤ ਨਿਭਾਈ। ਬਾਬਕ ਸ਼ਬਦ ਦਾ ਅਰਥ ਹੈ ਵਫਾਦਾਰ। ਭਾਈ ਬਾਬਕ ਨੇ ਇਸ ਸ਼ਬਦ ਨੂੰ ਸਿੱਖ ਇਤਿਹਾਸ ਵਿਚ ਸੁਰ, ਸ਼ਬਦ ਤੇ ਸ਼ਕਤੀ ਦੇ ਨਵੀਨ ਅਰਥਾਂ ਸੰਗ ਮੂਰਤੀਮਾਨ ਕੀਤਾ। ਸੰਮਤ 1699 ਵਿਚ ਭਾਈ ਬਾਬਕ ਦਾ ਕੀਰਤਪੁਰ ਵਿਚ ਦੇਹਾਂਤ ਹੋ ਗਿਆ।

**ਭਾਈ ਅਬਦੁੱਲਾ ਤੇ ਨੱਥਮਲ** - ਭਾਈ ਅਬਦੁੱਲਾ ਤੇ ਨੱਥ ਮੱਲ ਜੀ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਗੁਰਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ ਆਪ ਬਾਰੇ ਕਥਨ ਹੈ : "ਨੱਥ ਢੱਡ ਵਾਜਇ ਅਬਦੁੱਲਾ ਹੱਥ ਰਬਾਬ ਲੈ।" ਆਪ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਵਿਚ ਵੀਰ ਰਸੀ ਵਾਰਾਂ ਦਾ ਗਾਇਨ ਕਰਕੇ ਸਿੱਖ ਸੈਨਾਵਾਂ ਨੂੰ ਜੋਸ਼ ਭਰਪੂਰ ਕਰਿਆ ਕਰਦੇ ਸਨ। ਵਿਸ਼ੇਸ਼ ਤੌਰ 'ਤੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੀਆਂ ਧੁਨੀਆਂ ਨੂੰ ਗਾਇਨ ਕਰਨੀ ਦੀ ਮੁਹਾਰਤ ਹਾਸਲ ਸੀ। ਇਹਨਾਂ ਦੋਵੇਂ ਢਾਡੀ ਗਾਇਕਾਂ ਨੇ ਵਾਰਾਂ ਦੇ ਗਾਇਨ ਨੂੰ ਪ੍ਰਮਾਣਕ ਰੂਪ ਦਿਵਾਇਆ। ਆਪ ਦੁਆਰਾ ਗਾਈ ਗਈ ਵਾਰ 'ਪੱਗ ਤੇਰੀ ਜਹਾਂਗੀਰ ਦੀ' ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਤਖ਼ਤ ਨਸ਼ੀਨੀ ਸਮੇਂ ਗਾਇਨ ਕੀਤੀ ਗਈ ਸਿੱਖ ਸੰਗਤਾਂ ਵਿਚ ਬਹੁਤ ਮਕਬੂਲ ਹੋਈ।

**ਭਾਈ ਜੱਸ, ਦਰਿਆ, ਚਤਰਾ, ਨੱਥੂ, ਸੇਵਾ, ਰੱਤਾ** - ਇਹ ਰਬਾਬੀ ਕੀਰਤਨੀਏ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਵੱਖ ਵੱਖ ਕੀਰਤਨ ਚੌਕੀਆਂ ਤੇ ਸਮਾਗਮਾਂ ਵਿਚ ਕੀਰਤਨ ਕਰਿਆ ਕਰਦੇ ਸਨ।

**ਮਸੰਦ ਗੁਰਬਖਸ਼** - ਰਾਗ ਵਿਦਿਆ ਵਿਚ ਨਿਪੁੰਨ ਜੌਨਪੁਰ ਨਿਵਾਸੀ ਇਹ ਗੁਰਸਿੱਖ ਕੀਰਤਨੀਆਂ ਗੁਰੂ ਤੇਗ ਬਹਾਦਰ ਜੀ ਦੇ ਕਾਸ਼ੀ ਠਹਿਰਨ ਸਮੇਂ ਓਹਨਾ ਨੂੰ ਕੀਰਤਨ ਸੁਣਾਉਂਦਾ ਰਿਹਾ। ਗੁਰੂ ਜੀ ਨੇ ਪ੍ਰਸੰਨ ਹੋ ਕੇ ਇਸ ਕੀਰਤਨੀਏ ਨੂੰ ਆਪਣਾ ਮਿਰਦੰਗ ਇਨਾਮ ਵਜੋਂ ਦੇ ਦਿੱਤਾ ਸੀ।

**ਭਾਈ ਸੱਦੂ ਅਤੇ ਭਾਈ ਮੱਦੂ** - ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਬਾਬੀ ਕੀਰਤਨਕਾਰ ਭਾਈ ਸੱਦੂ ਅਤੇ ਮੱਦੂ ਦੋਵੇਂ ਭਰਾ ਸਨ। ਭਾਈ ਸੱਦੂ ਅਤੇ ਭਾਈ ਮੱਦੂ ਰੋਜ ਸਵੇਰੇ ਗੁਰੂ ਦਰਬਾਰ ਵਿਚ ਆਸਾ ਦੀ ਵਾਰ ਦਾ ਗਾਇਨ ਕਰਦੇ ਹਨ। ਇਹਨਾਂ ਦੇ ਸਬੰਧ ਵਿਚ 'ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਭਾਈ ਸੰਤੋਖ ਜੀ ਲਿਖਦੇ ਹਨ :-

*ਸੱਦੂ ਮੱਦੂ ਆਸਾ ਵਾਰਾ ਕੀਰਤਨ ਕਰਤੇ ਰਾਗ ਸੁਧਾਰ॥*
*ਸੱਦੂ ਮੱਦੂ ਦੋਨਹੁ ਭਾਤਾ, ਰਾਗ ਸ਼ਰਨ ਕੇ ਗਿਯਾਤਾ॥"*

**ਜੱਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ** - ਸਿੱਖ ਕੌਮ ਦੇ ਪ੍ਰਸਿੱਧ ਜਰਨੈਲ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਹਾਦਰੀ ਭਰੇ ਜੀਵਨ ਦਾ ਇਕ ਪਹਿਲੂ ਇਹ ਵੀ ਸੀ ਕਿ ਆਪ ਸ਼ਬਦ ਕੀਰਤਨ ਦੀ ਦਾਤ ਨਾਲ ਮਾਲਾਮਾਲ ਸਨ। ਕੀਰਤਨ ਦੀ ਇਹ ਦਾਤ ਆਪ ਨੂੰ ਬਚਪਨ ਤੋਂ ਹੀ ਆਪਣੀ ਮਾਤਾ ਜੀ ਤੋਂ ਪ੍ਰਾਪਤ ਹੋਈ। ਆਪਣੇ ਪਿਤਾ ਸਰਦਾਰ ਬਹਾਦਰ ਸਿੰਘ (ਬਦਰ ਸਿੰਘ) ਜੀ ਦੇ ਦੇਹਾਂਤ ਤੋਂ ਬਾਅਦ ਆਪ ਬਚਪਨ ਵਿਚ ਮਾਤਾ ਸੁੰਦਰੀ ਜੀ ਕੋਲ ਦਿੱਲੀ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ। ਧਰਮਵੀਰ, ਨਿਰਮਾਣ, ਦਾਨੀ ਤੇ ਵੀਰ ਜੋਧੇ ਜੱਸਾ ਸਿੰਘ ਆਹਲੂਵਾਲੀਆ ਦਾ ਵਿਅਕਤਿਤਵ ਭਗਤੀ, ਸ਼ਕਤੀ ਤੇ ਸੰਗੀਤ ਦਾ ਅਨੂਠਾ ਸੁਮੇਲ ਸੀ।

**ਬਾਬਾ ਸ਼ਾਮ ਸਿੰਘ ਜੀ**- 'ਭਜਨ ਪਰਤਾਪ ਦੇ ਪੁੰਜ, ਬਾਬਾ ਸ਼ਾਮ ਜੀ ਨੇ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਖੇ 70 ਵਰ੍ਹੇ ਸੇਵਾ, ਸਿਮਰਨ ਤੇ ਕੀਰਤਨ ਦੁਆਰਾ ਗੁਰੂ ਘਰ ਦੀ ਸੇਵਾ ਕੀਤੀ। ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਤਿੰਨ ਪਹਿਰੇ ਦੀ ਚੌਕੀ' ਸਰੰਦੇ ਨਾਲ ਲਾਇਆ ਕਰਦੇ ਸਨ। ਆਪ ਸੰਗਤਾਂ ਵਿਚ ਬ੍ਰਹਮ ਗਿਆਨੀ, ਪੂਰਨ ਗੁਰਸਿੱਖ, ਆਦਰਸ਼ ਕੀਰਤਨੀਏ, ਸੰਤ ਆਤਮਾ, ਦਿਆਲੂ, ਸੇਵਾ ਪੰਥੀ ਵਜੋਂ ਜਾਣੇ ਜਾਂਦੇ ਹਨ। ਆਪਦਾ ਸਮੁੱਚਾ ਜੀਵਨ ਸਿੱਖ ਕੌਮ ਗੁਰਮਤਿ ਸੰਗੀਤ ਲਈ ਇਕ ਆਦਰਸ਼ ਹੈ। ਸ਼ਬਦ ਕੀਰਤਨ ਕਰਦਿਆਂ ਰਾਗ ਨੂੰ ਸਾਖਿਅਤ ਕਰਨਾ ਤੇ ਸ਼ਬਦ ਸੰਗ ਇਕਮਿਕ ਹੋ ਜਾਣਾ ਬਾਬਾ ਜੀ ਦੇ ਕੀਰਤਨ ਦੀ ਵਿਸ਼ੇਸ਼ਤਾ ਸੀ। ਬਾਬਾ ਜੀ ਦਾ ਸਮੁੱਚਾ ਜੀਵਨ ਜਿਥੇ ਸਿੱਖ ਪੰਥ ਲਈ ਇਕ ਮਿਸਾਲ ਹੈ ਉਥੇ ਇਹਨਾਂ ਦੀਆਂ ਰਚਨਾਵਾਂ ਸਦੈਵ ਹੀ ਸਾਡਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਆਪਦਾ ਪਿਆਰਾ ਬਿਰਧ ਸਾਰੰਦਾ ਅੱਜ ਵੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ

ਆਪਦੀ ਯਾਦ ਨੂੰ ਸਦੀਵੀ ਬਣਾ ਰਿਹਾ ਹੈ।

**ਭਾਈ ਮਣਸਾ ਸਿੰਘ ਜੀ-** ਸ਼ਰਧਾ ਤੇ ਸਿਦਕ ਦੇ ਪ੍ਰਤੀਕ ਭਾਈ ਮਣਸ਼ਾ ਸਿੰਘ ਜੀ ਗੁਰੂ ਘਰ ਦੇ ਆਦਰਸ਼ ਕੀਰਤਨੀਏ ਸਨ। ਆਪ ਨੇ ਉਮਰ ਭਰ ਗੁਰ ਦਰਬਾਰ (ਹਰਿਮੰਦਰ ਸਾਹਿਬ) ਵਿਚ ਕੀਰਤਨ ਦੀ ਸੇਵਾ ਨਿਭਾਈ। ਕੀਰਤਨ ਆਪ ਦੇ ਜੀਵਨ ਦਾ ਨਿਸ਼ਾਨਾ ਸੀ ਤੇ ਸੰਗਤਾਂ ਵਲੋਂ ਪ੍ਰਾਪਤ ਪ੍ਰਸਾਦ ਰੂਪ ਵਿਚ ਪ੍ਰਾਪਤ ਤਿਲ ਫੁੱਲ ਜੀਵਨ ਦਾ ਨਿਰਬਾਹ। ਗੁਰੂ ਦੇ ਦਰ ਤੋਂ ਬਿਨਾਂ ਕਿਸੇ ਹੋਰ ਦਰ ਤੋਂ ਕੋਈ ਆਸ ਰੱਖਣੀ ਆਪ ਲਈ ਘੋਰ ਪਾਪ ਸੀ। ਮਾਇਕ ਔਕੜਾਂ ਦੇ ਦਿਨਾਂ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਵਰਗੇ ਕਦਰਦਾਨ ਖਾਲਸਾਈ ਮਹਾਰਾਜੇ ਨੇ ਆਪਣੇ ਗ੍ਰਿਹਿ ਵਿਖੇ ਖੁਦ ਮਾਇਆ ਦੀ ਸੇਵਾ ਕਰਨੀ ਚਾਹੀ ਤਾਂ ਗੁਰੂ ਘਰ ਦੇ ਇਸ ਮਹਾਨ ਕੀਰਤਨੀਏ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਕਹਿ ਕੇ ਮੋੜ ਦਿੱਤਾ 'ਗੁਰ ਦਰਬਾਰ ਦੇ ਕੀਰਤਨੀਏ' ਲਈ ਕਿਸੇ ਹੋਰ ਦਰ ਵੱਲ ਤੱਕਣਾ ਗੁਰਮਤਿ ਦੇ ਉਲਟ ਹੈ। ਇਸ ਕਥਨ ਨੇ ਭਾਈ ਮਣਸ਼ਾ ਸਿੰਘ ਦੇ ਜੀਵਨ ਨੂੰ ਗੁਰੂ ਦੀ ਅਪਾਰ ਨਦਰਿ ਨਾਲ ਸਿੱਖ ਇਤਿਹਾਸ ਵਿਚ ਸਦਾ ਸਦਾ ਲਈ ਅਮਰ ਬਣਾ ਦਿੱਤਾ। ਇਹੋ ਹੈ ਗੁਰਮਤਿ ਸੰਗੀਤ ਦੇ ਰਾਗੀ/ਕੀਰਤਨਕਾਰ/ਪ੍ਰਸਤੁਤਕਾਰ ਦਾ ਆਦਰਸ਼ ਜੋ ਭਾਈ ਸਾਹਿਬ ਭਾਈ ਮਣਸ਼ਾ ਸਿੰਘ ਜੀ ਨੇ ਸਾਡੇ ਸਾਹਮਣੇ ਰੱਖਿਆ:-

-ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ

**ਛੋਡਿ ਮਾਇਆ ਕੇ ਧੰਧ ਸੁਆਉ॥**[5]

**ਭਾਈ ਹੀਰਾ ਸਿੰਘ ਜੀ-** ਰਾਗ, ਰੰਗ ਅਤੇ ਵੈਰਾਗ ਦੇ ਪੁੰਜ ਭਾਈ ਹੀਰਾ ਸਿੰਘ (1879-1926) ਉੱਚਕੋਟੀ ਦੀ ਕੀਰਤਨੀਏ ਸਨ, ਜਿਨ੍ਹਾਂ ਦਾ ਸਮੁੱਚਾ ਜੀਵਨ ਕੀਰਤਨ ਨੂੰ ਸਮਰਪਿਤ ਸੀ। ਭਾਈ ਹੀਰਾ ਸਿੰਘ ਜੀ ਨੂੰ ਸ਼ਬਦ ਤੇ ਸੰਗੀਤ ਉੱਤੇ ਅਬੂਰ ਹਾਸਲ ਸੀ ਉਥੇ ਆਪ ਕਰਨੀ ਵਾਲੇ ਪੂਰਨ ਗੁਰਸਿੱਖ ਸਨ। ਭਾਈ ਸਾਹਿਬ ਦੇ ਵੈਰਾਗਮਈ ਕੀਰਤਨ ਵਿਚ ਲੋਕਾਈ ਦੇ ਤਪਦੇ ਹਿਰਦੇ ਨੂੰ ਠਾਰਨ ਤੇ ਆਤਮ ਰੰਗ ਵਿਚ ਰੰਗਣ ਦੀ ਅਦਭੁੱਤ ਸਮਰੱਥਾ ਸੀ ਜਿਸ ਨੂੰ ਉਹਨਾਂ ਕੀਰਤਨ ਨੂੰ ਜੀਵਨ ਭਰ 'ਆਦਰਸ਼' ਵਾਂਗੂੰ ਨਿਭਾਇਆ। ਆਪ 'ਸਰਬੱਤ ਦੇ ਭਲੇ' ਦੇ ਚਾਹਵਾਨ ਲੋਕ ਸੇਵਾ ਦੇ ਪੁੰਜ ਸਨ ਏਸੇ ਲਈ ਆਪਦੀ ਕਮਾਈ ਅਤੇ ਕੀਰਤਨ ਭੇਟ ਅਕਸਰ ਧਰਮ ਕਾਰਜਾਂ ਵਿਚ ਲਗਾ ਦਿੰਦੇ। ਭਾਈ ਹੀਰਾ ਸਿੰਘ ਜੀ ਸਬੰਧੀ ਲਿਖਤੀ ਰਚਨਾਵਾਂ ਅਤੇ ਉਹਨਾਂ ਦੇ ਸਮਕਾਲੀਆਂ ਦੀਆਂ ਸਿਮਰਤੀਆਂ ਵਿਚ ਅੰਕਿਤ ਅਭੁੱਲ ਯਾਦਾਂ, ਉਹਨਾਂ ਨੂੰ ਸਦਾ ਸਦਾ ਲਈ ਅਮਰ ਕਰ ਰਹੀਆਂ ਹਨ। ਇਹ ਭਾਈ ਹੀਰਾ ਸਿੰਘ ਜੀ ਹੀ ਸਨ ਜਿਨ੍ਹਾਂ ਬਾਰੇ ਪ੍ਰੋ. ਪੂਰਨ ਸਿੰਘ ਵਰਗੇ ਮਹਾਂਕਵੀ ਨੇ ਸ਼ਰਧਾਂਜਲੀ ਰੂਪ ਵਿਚ ਆਖਿਆ ਸੀ:-

*ਸਤਾਰ ਸਰੀਰ ਵਾਲੀ ਟੁਟੀ* **ਢਾਡੀ** *ਗੁਰੂ ਪਿਆਰੇ ਦੀ,*
*ਪਰ ਗੀਤ* **ਫੈਲੇ** *ਅੱਜ ਦਿਲਾਂ ਦੇ ਸਾਰ ਵਿਚ ਹਾਂ।*
*ਜੇ ਕੀਰਤਨ ਗੂੰਜੇ ਹੀਰਾ ਸਿੰਘ ਜੀ ਪਿਆਰੇ ਵਾਲੀ ਯਾਦ ਵਿਚ*
*ਘਰ ਘਰ ਸਤਾਰ ਵਜੇ, ਰਬਾਬ ਦੀ ਆਵਾਜ਼ ਆਵੇ,*
*ਨਿਰੰਕਾਰ ਨਿਰੰਕਾਰ ਸਤਿ ਕਰਤਾਰ ਦੀ॥*

ਭਾਈ ਸੰਤਾ ਸਿੰਘ ਜੀ- ਭਾਈ ਸੰਤਾ ਜੀ ਸੰਗੀਤ ਵਿਦਿਆ ਦੇ ਧਨੀ ਕੀਰਤਨੀਏ ਸਨ। ਪੁਰਾਤਨ ਕੀਰਤਨੀਏ ਆਪ ਨੂੰ 'ਰਾਗ ਦੀ ਖਾਣ' ਕਿਹਾ ਕਰਦੇ ਸਨ। ਸੁਰ, ਲੈਅ, ਸ਼ਬਦ, ਆਵਾਜ਼, ਰਿਆਜ਼ ਵਿਚ ਆਪ ਆਪਣੀ ਮਿਸਾਲ ਸਨ। ਆਪ ਸ਼ਾਸਤਰੀ ਸੰਗੀਤ ਦੇ ਉੱਚਕੋਟੀ ਦੇ ਗਿਆਤਾ ਸਨ। ਕਈ ਅਨੂਠੇ ਅਪ੍ਰਚੱਲਿਤ ਰਾਗ, ਆਪ ਦੇ ਸੰਗ੍ਰਹਿ ਵਿਚ ਸ਼ਾਮਲ ਸਨ ਜੋ ਆਪਦੇ ਸ਼ਾਗਿਰਦਾਂ ਵਿਚ ਅੱਜ ਵੀ ਪਰਚੱਲਤ ਹਨ। ਆਪ ਅਲੱਗ ਅਲੱਗ ਤੰਤੀ ਸਾਜ਼ ਵਜਾਉਣ ਵਿਚ ਵੀ ਮਾਹਿਰ ਸਨ। ਆਪਨੇ ਸਿਖਲਾਈ ਵੀ ਪੂਰਨ ਸ਼ਰਧਾ ਸਹਿਤ ਦਿੱਤੀ। ਆਪਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਤੋਂ ਇਲਾਵਾ ਉਚੇ ਸੁਰਾਂ ਵਿਚ ਪੂਰਨ ਬਿਹਬਲਤਾ ਨਾਲ ਕੀਰਤਨ ਕਰਨਾ ਏਹਨਾਂ ਦੀ ਗਾਇਕੀ ਦਾ ਕਮਾਲ ਸੀ। ਸਵੇਰੇ ਦੇ ਰਾਗ ਆਪ ਦੀ ਗਾਇਕੀ ਵਿਚ ਵਿਸ਼ੇਸ਼ ਤੌਰ ਤੇ ਖਿੜਦੇ ਸਨ। ਸੋਰਠਿ ਰਾਗ ਨੂੰ ਸ਼ਬਦ ਤੇ ਸੰਗੀਤ ਦੁਆਰਾ ਮੂਰਤੀਮਾਨ ਕਰਨ ਦੀ ਕਲਾ ਭਾਈ ਸੰਤਾ ਸਿੰਘ ਜੀ ਦੇ ਹਿੱਸੇ ਆਈ। ਏਸ ਮਹਾਨ ਕੀਰਤਨੀਏ ਦਾ ਜਨਮ 1902 ਵਿਚ ਹੋਇਆ ਅਤੇ ਨਵੰਬਰ 16, 1966 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਭਾਈ ਸੁਰਜਨ ਸਿੰਘ ਜੀ- ਭਾਈ ਸੁਰਜਨ ਸਿੰਘ ਜੀ (1911-1965) ਨੇ ਉਮਰ ਭਰ ਕੀਰਤਨ ਦੀ ਸੇਵਾ ਕੀਤੀ। ਆਪ ਸੂਰਮਾ ਸਨ ਪ੍ਰੰਤੂ ਏਹਨਾਂ ਦੇ ਮਨ ਅੰਤਰ ਵਿਚ ਸ਼ਬਦ ਤੇ ਸੰਗੀਤ ਜੋਤ ਪ੍ਰਜਵਲਤ ਸੀ। ਸ਼ਬਦ ਗਾਇਨ ਕਰਦਿਆਂ ਆਪ ਇਉਂ ਸ਼ਬਦ ਰੂਪ ਹੋ ਜਾਂਦੇ ਕਿ ਸ਼ਬਦ ਦਾ ਅੰਮ੍ਰਿਤ ਝਰ ਝਰ ਪੈਂਦਾ। ਆਪਣੇ ਸ਼ਬਦ ਕੀਰਤਨ ਵਿਚ ਵੈਰਾਗ, ਮਿਠਾਸ, ਸੁਰੀਲਾਪਣ ਤੇ ਸਾਦਗੀ ਸੀ। ਅਵਾਜ ਦੀ ਬਹਿਬਲਤਾ ਤੇ ਕਰੁਣਾ ਆਪ ਦੀ ਗਾਇਕੀ ਦਾ ਸਿਖਰ ਸੀ, ਜਿਸ ਤੱਕ ਅਪੜ ਸਕਣਾ ਗੁਰੂ-ਨਦਰਿ ਬਿਨਾਂ ਸੰਭਵ ਨਹੀਂ। ਇਹ ਭਾਈ ਸੁਰਜਨ ਸਿੰਘ ਜੀ ਦੀ

ਕਸ਼ਿਸ਼ ਭਰੀ ਅਵਾਜ਼ ਦਾ ਪ੍ਰਭਾਵ ਸੀ ਜਿਸ ਨੂੰ ਬਾਲ ਉਮਰੇ ਸੁਣਕੇ ਪਦਮ ਸ੍ਰੀ ਉਸਤਾਦ ਸੋਹਣ ਸਿੰਘ (ਆਗਰਾ ਘਰਾਣਾ) ਵਰਗਾ ਮਹਾਨ ਗਾਇਕ ਸਦਾ ਸਦਾ ਲਈ ਸੰਗੀਤ ਦਾ ਹੋ ਨਿਬੜਿਆ। ਆਪ ਦੁਆਰਾ ਗਾਇਨ ਕੀਤੀ 'ਆਸਾ ਦੀ ਵਾਰ' ਦਾ ਨਿਵੇਕਲਾ ਰੰਗ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਹੈ।

**ਮਹੰਤ ਗੱਜਾ ਸਿੰਘ ਜੀ-** ਉਚਕੋਟੀ ਦੇ ਸੰਗੀਤ ਵਿਦਵਾਨ ਮਹੰਤ ਗੱਜਾ ਸਿੰਘ ਸੰਗੀਤ ਦੀ ਦੁਨੀਆਂ ਦੀ ਸਤਿਕਾਰਯੋਗ ਹਸਤੀ ਸਨ। ਵੀਣਾ ਵਾਦਨ ਦੀ ਪਰੰਪਰਾਗਤ ਸਿੱਖਿਆ ਤੋਂ ਬਾਅਦ ਆਪ ਨੇ ਤਾਊਸ ਨੂੰ ਆਪਣਾ ਵਾਦਨ ਸਾਜ਼ ਚੁਣਿਆ। ਸ਼ਾਸਤਰੀ ਵਾਦਨ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਸਿਧਾਂਤ ਤੇ ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ, ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਆਦਿ ਦੇ ਸੰਗੀਤ ਗੁਰੂ ਸਨ। ਗੁਰਮਤਿ ਸੰਗੀਤ ਸਬੰਧੀ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਤੇ ਹੋਰ ਸਮਕਾਲੀਨ ਗ੍ਰੰਥਾਂ ਵਿਚ ਲਿਖਤ ਉਪਲੱਬਧ ਵਿਚਾਰ ਸਮੱਗਰੀ ਨੂੰ ਮਹੰਤ ਗੱਜਾ ਸਿੰਘ ਜੀ ਦੀ ਪ੍ਰਮਾਣਿਕ ਮੋਹਰ ਪ੍ਰਾਪਤ ਸੀ।

**ਭਾਈ ਚਾਂਦ ਜੀ-** ਭਾਈ ਚਾਂਦ ਦਾ ਗੁਰਮਤਿ ਸੰਗੀਤ ਦੇ ਗਗਨ ਵਿਚ ਉਚੇਰਾ ਸਥਾਨ ਹੈ। ਰਾਗਦਾਰੀ ਦੀ ਪਕੇਰੀ ਪਕੜ ਸੂਖਮ ਸੂਝ, ਬੰਦਸ਼ਾਂ ਦਾ ਭੰਡਾਰ ਵਿਭਿੰਨ ਗਾਇਨ ਸ਼ੈਲੀਆਂ ਦੀ ਸਮਝ, ਬਾਣੀ ਵਿਚ ਅਖੁੱਟ ਸ਼ਬਦ ਭੰਡਾਰ ਢੁੱਕਵੇਂ ਪਰਮਾਣਾਂ ਦੀ ਵਿਸ਼ਾਲ ਸਮਝ, ਭਾਈ ਚਾਂਦ ਦੀ ਗਾਇਕੀ ਦੇ ਮੁੱਖ ਗੁਣ ਸਨ। ਭਾਈ ਚਾਂਦ ਰਾਗ ਦੇ ਜਾਦੂ ਨਾਲ ਸ਼ਬਦ ਦੇ ਅੰਤਰੀਵੀ ਭਾਵ ਨੂੰ ਸਰੋਤਿਆਂ ਦੇ ਮਨ ਵਿਚ ਪਰਮਾਣਾਂ ਸਹਿਤ ਪੂਰਨ ਰੂਪ ਵਿਚ ਸਪਸ਼ਟ ਕਰਨ ਦੇ ਸਮਰੱਥ ਸਨ। ਹਿੰਦ ਪਾਕਿ ਵੰਡ ਤੱਕ ਆਪ ਨੇ ਹਰਿਮੰਦਰ ਸਾਹਿਬ ਵਿਖੇ ਗੁਰੂ ਘਰ ਦੀ ਕੀਰਤਨ ਦੁਆਰਾ ਸੇਵਾ ਕੀਤੀ ਅਤੇ 18 ਜੂਨ, 1949 ਨੂੰ ਆਪਣੀ ਧਰਤ ਤੇ ਕੀਰਤਨ ਤੋਂ ਵਿਛੜ, ਸਦਾ ਸਦਾ ਲਈ ਗੁਰ ਚਰਨਾ ਵਿਚ ਜਾ ਬਿਰਾਜੇ।

**ਭਾਈ ਜਵਾਲਾ ਸਿੰਘ ਜੀ-** ਭਾਈ ਜਵਾਲਾ ਸਿੰਘ ਦਾ ਪਰਿਵਾਰ ਪ੍ਰਤੱਖ ਤੇ ਪ੍ਰਮਾਣਕ ਰੂਪ ਵਿਚ ਪਿਛਲੀਆਂ ਗਿਆਰਾਂ ਪੀੜੀਆਂ ਤੋਂ ਗੁਰੂ ਘਰ ਨਾਲ ਜੁੜਿਆ ਹੋਇਆ ਹੈ। ਭਾਈ ਜਵਾਲਾ ਸਿੰਘ ਜੀ ਨੇ 60 ਸਾਲ ਕੀਰਤਨ ਦੀ ਸੇਵਾ ਕੀਤੀ। ਆਪਦੇ ਏਸ ਘਰਾਣੇ ਵਿਚ ਭਾਈ ਮਹਿਤਾਬ ਸਿੰਘ, ਭਾਈ ਟਹਿਲ ਸਿੰਘ, ਭਾਈ ਦੇਵਾ ਸਿੰਘ ਨੇ ਪਿਤਾ ਪੁਰਖੀ ਕੀਰਤਨ ਵਿੱਦਿਆ ਨੂੰ ਸਦੀਆਂ ਤੱਕ ਸੁਰੱਖਿਅਤ ਰੱਖਦਿਆਂ ਨਿਰੰਤਰ ਪਰਚਾਰਿਆ ਹੈ। ਇਹ ਬਜ਼ੁਰਗ ਕੀਰਤਨੀਏ ਸਰੰਦੇ, ਤਾਊਸ ਵਜਾ ਕੇ ਕੀਰਤਨ ਕਰਿਆ ਕਰਦੇ ਹਨ। ਇਹ ਪੰਜ ਪਦਾਰਥੀ ਆਸਾ ਦੀ ਵਾਰ ਬਹੁਤ ਚੜ੍ਹਦੀ ਕਲਾ ਵਿਚ ਲਾਉਂਦੇ ਸਨ।

ਬਾਬਾ ਦੇਵਾ ਸਿੰਘ ਜੀ ਆਪ ਉਚਕੋਟਿ ਵਿਦਵਾਨ ਸਨ ਉਹਨਾਂ ਜੋ ਸੀਨਾ ਬਸੀਨਾ ਵਿਦਿਆ ਚਲੀ ਆ ਰਹੀ ਸੀ, ਉਹ ਭਾਈ ਸਾਹਿਬ ਜਵਾਲਾ ਸਿੰਘ ਜੀ ਨੂੰ ਸਿਖਲਾਈ ਤੇ ਸ਼ਰਧਾ ਸਿੰਘ ਜੀ ਪਾਸੇ ਡੇਰਾ ਸੇਖਵਾਂ ਭੇਜ ਦਿੱਤਾ, ਡੇਰੇ ਵਿਚ ਕਹਿ ਕੇ ਭਾਈ ਸਾਹਿਬ ਨੇ ਅਤੇ ਵਿੱਦਿਆ ਪ੍ਰਾਪਤ ਕੀਤੀ, 18-19 ਸਾਲਾਂ ਦੀ ਉਮਰ ਵਿਚ ਅੰਮ੍ਰਿਤਸਰ ਬਾਬਾ ਵਸਾਵਾ ਸਿੰਘ ਰੰਗੀ ਰਾਮ ਜੀ ਪਾਸੋਂ ਸੰਗੀਤਕ ਵਿੱਦਿਆ ਸ਼ੁਰੂ ਕੀਤੀ।

ਭਾਈ ਜਵਾਲਾ ਸਿੰਘ ਜੀ ਦਾ ਸਾਰੇ ਪੰਥ ਵਿਚ ਬਹੁਤ ਸਤਿਕਾਰ ਸੀ। ਬਾਬਾ ਖੜਗ ਸਿੰਘ ਜੀ ਦੇ ਪਰਿਵਾਰ ਵਿਚ ਜਿੰਨੇ ਸਮਾਗਮ ਹੋਏ ਭਾਈ ਜਵਾਲਾ ਸਿੰਘ ਜੀ ਨੇ ਕੀਰਤਨ ਕੀਤਾ। ਇਸ ਪਰਿਵਾਰ ਨੇ ਸਿੰਘ ਸਭਾ ਲਹਿਰ ਅਤੇ ਸਿੱਖ ਕੌਮ ਵਲੋਂ ਜਦੋਂ ਵੀ ਮੋਰਚੇ ਲਾਏ ਗਏ, ਸਭਨਾਂ ਵਿਚ ਵੱਧ ਚੜ੍ਹ ਕੇ ਸੇਵਾ ਕੀਤੀ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸਿੰਘਾਂ ਦੇ ਸਰੀਰਾਂ ਦੇ ਢੇਰ ਵਿਚ ਬੈਠ ਕੇ ਕੀਰਤਨ ਕੀਤਾ, ਸ਼ਬਦ ਪੜ੍ਹਿਆ (ਖੂਨ ਕੇ ਸੋਹਲੇ ਗਾਵੀਐ ਨਾਨਕ ਰਤ ਦਾ ਕੁੰਗੂ ਪਾਇ ਵੇ ਲਾਲੋ) ਜੈਤੋ ਦੇ ਮੋਰਚੇ 'ਚ ਪਹਿਲੇ ਸ਼ਹੀਦੀ ਜੱਥੇ ਨਾਲ ਕੀਰਤਨ ਦੀ ਸੇਵਾ ਕੀਤੀ। ਆਪਦੇ ਸਪੁੱਤਰਾਂ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਨੇ ਕੀਰਤਨ ਦੀ ਸੇਵਾ ਤੋਂ ਇਲਾਵਾ ਆਪਣੇ ਘਰਾਣੇ ਦੀਆਂ ਪ੍ਰਾਚੀਨ ਗੀਤਾਂ ਵੀ ਇਕੱਤਰ ਕੀਤੀਆਂ ਹਨ।

**ਭਾਈ ਸਮੁੰਦ ਸਿੰਘ ਜੀ-** ਸੁਰ ਗਿਆਨ ਦੀ ਸੂਖਮ ਸੂਝ ਤੇ ਸ਼ਬਦ ਦੇ ਇਲਾਹੀ ਬਖਸ਼ਿਸ਼ ਸੰਗ ਗੁਰੂ ਦੁਆਰਾ ਵਰੋਸਾਏ ਹੋਏ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਨੇ ਆਪਣੇ ਗਾਇਨ ਦੁਆਰਾ ਹਿੰਦੁਸਤਾਨ ਵਿਚ ਚੋਖਾ ਨਾਮਣਾ ਖੱਟਿਆ। ਰਾਗਦਾਰੀ ਉੱਤੇ ਆਪ ਦੀ ਘਨੇਰੀ ਪਕੜ ਸੀ। ਆਪ ਦੀ ਗਾਇਕੀ ਵਿਚ ਸ਼ਬਦ ਤੇ ਸੰਗੀਤ ਦਾ ਅਜਿਹਾ ਸੰਤੁਲਨ ਤੇ ਸੁਮੇਲ ਸੀ ਕਿ ਰਾਗ ਤੇ ਅਦੁੱਤੀ ਪਸਾਰੇ ਦੁਆਰਾ ਸ਼ਬਦ ਦੇ ਭਾਵ ਸਹਿਜ ਰੂਪ ਵਿਚ ਮਨ ਵਿਚ ਵਸ ਜਾਂਦੇ ਸਨ। ਇਹ ਅਨੁਭਵ ਆਪ ਦੀਆਂ ਰਿਕਾਰਡਿੰਗਜ਼ ਤੋਂ ਭਲੀ ਭਾਂਤ ਲੱਗ ਜਾਂਦਾ ਹੈ। ਬਚਪਨ ਤੋਂ ਹੀ ਇਲਾਹੀ ਕੀਰਤਨ ਦੀ ਸੇਵਾ ਕਰਨ ਲੱਗ ਪਏ ਸਨ ਅਤੇ ਉਮਰ ਭਰ ਕੀਰਤਨ ਦੀ ਸੇਵਾ ਕਰਦਿਆਂ ਜਨਵਰੀ,

1972 ਨੂੰ 68 ਸਾਲ ਦੀ ਉਮਰ ਭੋਗਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਉਪਰੋਕਤ ਕੁਝ ਪ੍ਰਮੁੱਖ ਕੀਰਤਨੀਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਕੀਰਤਨਕਾਰ ਵਜੋਂ ਕਈ ਰਾਗੀ, ਰਬਾਬੀ ਪ੍ਰਸਿੱਧ ਹੋਏ ਜਿਨ੍ਹਾਂ ਸਬੰਧੀ ਕੁਝ ਵੇਰਵੇ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਵਿਚੋਂ ਵੀ ਪ੍ਰਾਪਤ ਹੁੰਦੇ ਹਨ। ਇਸ ਸਬੰਧ ਵਿਚ ਇਕ ਮਹੱਤਵਪੂਰਨ ਜਾਣਕਾਰੀ ਸਾਡੇ ਧਿਆਨ ਗੋਚਰੇ ਹੈ। 1900 ਈ: ਵਿਚ ਛਪੀ 'ਖਾਲਸਾ ਡਾਇਰੈਕਟਰੀ' ਜੋ ਕਿ ਖਾਲਸਾ ਟ੍ਰੈਕਟ ਸੁਸਾਇਟੀ ਨੇ 1900 ਈ: ਵਿਚ ਪ੍ਰਕਾਸ਼ਤ ਕੀਤੀ ਦੇ ਟ੍ਰੈਕਟ ਨੂੰ 58 ਦੇ ਹਵਾਲੇ ਨਾਲ ਪ੍ਰੋ. ਪਿਆਰਾ ਸਿੰਘ ਪਦਮ ਨੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿਚ ਸੌ ਸਾਲ ਪੁਰਾਣੇ ਰਬਾਬੀਆਂ ਰਾਗੀਆਂ ਤੇ ਢਾਡੀਆਂ ਦੀ ਸੂਚੀ ਦਾ ਉਲੇਖ ਕੀਤਾ ਹੈ।[7] ਜੋ ਗੁਰਦਰਬਾਰ ਦੇ ਕੀਰਤਨੀਆਂ ਦੀ ਪਰੰਪਰਾ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਫਿਹਰਿਸਤ ਤੋਂ ਸਿੱਖ ਧਰਮ ਦੀ ਸ਼ਬਦ ਕੀਰਤਨ ਪਰੰਪਰਾ ਵਿਚ ਆਸਥਾ ਰੱਖਣ ਵਾਲੇ ਗੁਨੀਜਨਾਂ ਦੇ ਨਾਮ ਪੜ੍ਹ ਕੇ ਗੁਰਮਤਿ ਸੰਗੀਤ ਪਰੰਪਰਾ ਦੇ ਵਿਵਹਾਰਕ ਸਰੂਪ ਪ੍ਰਤੀ ਗੌਰਵਮਈ ਅਹਿਸਾਸ ਹੁੰਦਾ ਹੈ ਤੇ ਉਦਾਸੀ ਵੀ ਹੁੰਦੀ ਹੈ ਕਿ ਅਜੇ ਵੀ ਅਸੀਂ ਇਸ ਪਰੰਪਰਾ ਦੇ ਅਨਮੋਲ ਖਜਾਨੇ ਨੂੰ ਏਹਨਾਂ ਅਨੁਭਵੀ ਕੀਰਤਨੀਆਂ ਕੋਲੋਂ ਸੁਰੱਖਿਅਤ ਰੱਖਣ ਦੇ ਸਮਰੱਥ ਨਹੀਂ ਹੋ ਸਕੇ।

**ਫਿਹਰਿਸਤ ਰਬਾਬੀ :**

1. ਭਾਈ ਰਖਾ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
2. ਭਾਈ ਮੇਹਰਾ ਤੇ ਖੈਰਾ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
3. ਭਾਈ ਖੈਰਾ ਤੇ ਲਾਡਾ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
4. ਭਾਈ ਅਤਰਾ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
5. ਭਾਈ ਜੰਮੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
6. ਭਾਈ ਮੇਹਰੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
7. ਭਾਈ ਨਥੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
8. ਭਾਈ ਖੈਰ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
9. ਭਾਈ ਈਦੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
10. ਭਾਈ ਨਥੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
11. ਭਾਈ ਮੌਲੂ
(ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
12. ਭਾਈ ਵਾਸੂ
(ਗੁਰੂ ਦੀ ਵਡਾਲੀ ਤਹਿਸੀਲ, ਅੰਮ੍ਰਿਤਸਰ)
13. ਭਾਈ ਮੁਲਤਾਨੀ
(ਖਡੂਰ ਸਾਹਿਬ, ਤਹਿਸੀਲ, ਤਰਨਤਾਰਨ, ਅੰਮ੍ਰਿਤਸਰ)
14. ਭਾਈ ਚੰਦੂ
(ਨਗਰ ਸੁਤਲਾਣੀ ਤਹਿਸੀਲ, ਅੰਮ੍ਰਿਤਸਰ)
15. ਭਾਈ ਸੁੰਦਰ
(ਕਸਬਾ ਅਟਾਰੀ ਤਹਿਸੀਲ, ਤਰਨਤਾਰਨ)
16. ਭਾਈ ਰੂੜਾ
(ਕਸਬਾ ਰਾਜਾ ਸਾਂਸੀ ਤਹਿਸੀਲ, ਅਜਨਾਲਾ)
17. ਭਾਈ ਮੌਲਾ
(ਕਸਬਾ ਚੱਕਰਾਮ ਦਾਸ ਤਹਿਸੀਲ, ਡਸਕਾ)
18. ਭਾਈ ਫਤੂ
(ਮੁਕਾਮ ਤੁੰਗ ਤਹਿਸੀਲ, ਗੁਜਰਾਂਵਾਲਾ, ਗੁਜਰਾਂਵਾਲਾ)
19. ਠਾਕੁਰ ਬੋਧ ਨੰਦ
(ਦਸਬਾ ਪਿੰਡ ਚਾਦਨ ਖਾਂ ਜੇਹਲਮ)
20. ਭਾਈ ਹੀਰਾ
(ਮੁਕਾਮ ਬੰਗਾ ਤਹਿਸੀਲ, ਨਵਾਂ ਸ਼ਹਿਰ, ਜਲੰਧਰ)
21. ਭਾਈ ਜੈਮਲ
(ਮੁਕਾਮ ਖਾਸ ਕਰਤਾਰਪੁਰ, ਜਲੰਧਰ)
22. ਭਾਈ ਮਹਿਮੂਦ
(ਮੁਕਾਮ ਖਾਸ ਕਰਤਾਰਪੁਰ, ਜਲੰਧਰ)
23. ਭਾਈ ਮੰਦੂ
(ਮੁਕਾਮ ਪਾਸ ਕਰਤਾਰਪੁਰ, ਜਲੰਧਰ)
24. ਭਾਈ ਫਤੇ ਸਿੰਘ
(ਮੁਕਾਮ ਧੁੜੇਤਾ, ਜਲੰਧਰ)
25. ਭਾਈ ਲੋੜੀਂਦਾ
(ਮੁਕਾਮ ਸੁਖੋ ਜਿਲ੍ਹਾ ਰਾਵਲਪਿੰਡੀ, ਤਹਿਸੀਲ ਗੁਜਰਖਾਨ)

26. ਭਾਈ ਕਾਲੂ
(ਮੁਕਾਮ ਪਸਰੂਰ ਡਾਕਖਾਨਾ ਕੋਟਲੀ, ਰਾਮਦਾਸ ਦੀ)
27. ਭਾਈ ਹੁਸੈਨਾ ਮੌਲੂ
(ਬਜ਼ਾਰ ਲੰਡਾ ਮੰਡੀ ਲਾਹੌਰ)
28. ਭਾਈ ਨਥੂ
(ਬਾਬਾ ਪਤਾਸਾ ਸਿੰਘ ਜੀ ਦੀ ਧਰਮਸ਼ਾਲਾ, ਗੁਜਰਾਂਵਾਲਾ)
29. ਭਾਈ ਕਰਮਾ
(ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)
30. ਭਾਈ ਨਥੂ
(ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)
31. ਭਾਈ ਸਾਈਂ ਦਿਤਾ
(ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)

**ਰਬਾਬੀਆਂ ਤੋਂ ਬਿਨਾਂ 'ਸੌ ਸਾਲ ਪੁਰਾਣੇ ਗਵਈਏ' ਭਾਵ ਰਾਗੀਆਂ ਦੀ ਸੂਚੀ ਵੀ ਦਿੱਤੀ ਗਈ ਹੈ ਜੋ ਇਸ ਪ੍ਰਕਾਰ ਹੈ:-**

*ਭਾਈ ਗੰਗਾ ਸਿੰਘ* - ਠਾਕੁਰ ਦਿਆਲ ਸਿੰਘ ਜੀ ਦੀ ਧਰਮਸ਼ਾਲਾ ਚੌਕੀ ਮੋਨੀਆ, ਅੰਮ੍ਰਿਤਸਰ।

*ਭਾਈ ਹਰੀ ਸਿੰਘ* - ਕਸਬਾਨ ਜਾਮਾਂਬਾਦ ਹਿੰਦੁਸਤਾਨ ਆਜਮਗੜ੍ਹ ਹਿੰਦੁਸਤਾਨ

*ਭਾਈ ਭਾਗ ਸਿੰਘ* - ਮੁਕਾਮ ਫਰੂਕਾ ਜ਼ਿਲ੍ਹਾ ਜਾਹਰਪੁਰ।

*ਭਾਈ ਪਰਤਾਪ ਸਿੰਘ* - ਹੈਦਰਾਬਾਦ ਸਿੰਧ

*ਭਾਈ ਪਰਾਗ ਸਿੰਘ* - ਬਨਾਰਸ ਬੜੀ ਸੰਗਤ, ਕਾਂਸੀ (ਬਨਾਰਸ)

*ਭਾਈ ਸੰਪੂਰਨ ਸਿੰਘ* - ਬਨਾਰਸ ਬੜੀ ਸੰਗਤ ਕਾਂਸੀ (ਬਨਾਰਸ)

*ਭਾਈ ਪ੍ਰੇਮ ਸਿੰਘ* - ਮੁਕਾਮ ਸੀਰੇ ਤ਼ਹਿਸੀਲ ਫਾਲੀਆ, ਜ਼ਿਲ੍ਹਾ ਗੁਜਰਾਤ

*ਭਾਈ ਕੇਸਰ ਸਿੰਘ* - ਮੁਕਾਮ ਢਾਂਗੂ, ਡਾਕਖਾਨਾ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ।

*ਭਾਈ ਗੰਡਾ ਸਿੰਘ* - ਮੁਕਾਮ ਸਿੰਘਪੁਰ, ਡਾਕਖਾਨਾ ਮਾਧੋਪੁਰ, ਜ਼ਿਲ੍ਹਾ ਗੁਰਦਾਸਪੁਰ।

*ਭਾਈ ਸ਼ੇਰ ਸਿੰਘ* - ਖਾਸ ਗੁਜਰਾਂਵਾਲਾ

*ਭਾਈ ਮੂਲ ਸਿੰਘ* - ਖਾਸ ਗੁਜਰਾਂਵਾਲਾ

*ਭਾਈ ਠਾਕੁਰ ਸਿੰਘ* - ਡਾਕਖਾਨਾ ਬੰਗਾ, ਨਗਰ ਬੈਸਾ, ਜ਼ਿਲ੍ਹਾ ਜਲੰਧਰ।

*ਭਾਈ ਹਰਨਾਮ ਸਿੰਘ* - ਨਗਰ ਬੋਲੀਨਾਂ ਤਹਿਸੀਲ ਜਲੰਧਰ।

*ਭਾਈ ਸੁਰਪਤ ਸਿੰਘ* - ਨਗਰ ਕਰਤਾਰਪੁਰ, ਤਹਿਸੀਲ, ਜ਼ਿਲ੍ਹਾ ਜਲੰਧਰ।

*ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ* - ਨਗਰ ਸਾਹ ਜਿਉਣੇ ਤਹਿਸੀਲ ਮਧਿਆਣਾ ਜ਼ਿਲ੍ਹਾ ਝੰਗ

*ਭਾਈ ਸਾਧੂ ਸਿੰਘ* - ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ

*ਭਾਈ ਗੁਲਾਬ ਸਿੰਘ* - ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ

*ਭਾਈ ਸੁਰਜਣ ਸਿੰਘ* - ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ

*ਭਾਈ ਚੜ੍ਹਤ ਸਿੰਘ* - ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ

*ਭਾਈ ਸੁੰਦਰ ਸਿੰਘ* - ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ

*ਭਾਈ ਹਰਿਨਾਮ ਸਿੰਘ* - ਮੁਕਾਮ ਮੁਕਤਸਰ ਫੀਰੋਜ਼ਪੁਰ

*ਭਾਈ ਬਿਹਾਲ ਸਿੰਘ* - ਮੁਕਾਮ ਮੁਰਾਝ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ।

*ਭਾਈ ਨਰੈਣ ਸਿੰਘ* - ਮੁਕਾਮ ਮੁਰਾਝ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ।

*ਭਾਈ ਹਰੀ ਸਿੰਘ* - ਮੁਕਾਮ ਦੋਧਰ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ।

*ਭਾਈ ਤਾਰਾ ਸਿੰਘ* - ਕਸਬਾ ਹਜਾਰਾ, ਜ਼ਿਲ੍ਹਾ ਮਿੰਟਗੁਮਰੀ, ਮਿੰਟਗੁਮਰੀ।

*ਭਾਈ ਨਰੈਣ ਸਿੰਘ* - ਖਾਸ ਸਖੋ, ਤਹਿਸੀਲ ਗੁਜਰਖਾਨਾ, ਰਾਵਲਪਿੰਡੀ।

*ਭਾਈ ਪ੍ਰਤਾਪ ਸਿੰਘ* - ਮਤਸਲ ਮਸਜ਼ਦ ਵਜੀਰ ਖ਼ਾਂ, ਲਾਹੌਰ

*ਭਾਈ ਮੀਰ ਸਿੰਘ ਤੇ ਭਾਈ ਗੁਰਮੁਖ ਸਿੰਘ* - ਮੁਲਤਾਨੀ ਦੂਲੂ, ਡਾਕ. ਰਾਇ ਮੁਗਲ ਤਹਿ: ਚੂਨੀਆਂ (ਲਾਹੌਰ)

*ਭਾਈ ਫਤੇ ਸਿੰਘ, ਖਜਾਨ ਸਿੰਘ* - ਮੁਕਮਾ ਭੋਇਆ ਡਾਕ. ਭਾਈ ਫੇਰੂ ਜ਼ਿਲ੍ਹਾ ਲਾਹੌਰ

*ਭਾਈ ਨਿਹਾਰ ਸਿੰਘ* - ਗੁਰਦੁਆਰਾ ਜਨਮ ਅਸਥਾਨ ਲਾਹੌਰ

*ਭਾਈ ਹਜ਼ਾਰਾ ਸਿੰਘ* - ਮੁਕਾਮ ਖਾਸ ਮਾਗਟ।

ਕੀਰਤਨਕਾਰਾਂ ਤੋਂ ਇਲਾਵਾ ਕੁਝ ਗੁਰਮਤਿ ਸੰਗੀਤ ਸੇਵੀਆਂ ਨੇ ਖੋਜ ਸੁਰਲਿਪੀ ਬੱਧ ਸ਼ਬਦ ਰਚਨਾਵਾਂ ਅਤੇ ਸੁਰਲਿਪੀ ਬੱਧ ਸ਼ਬਦ ਰਚਨਾਵਾਂ ਅਤੇ ਸੁਰਲਿਪੀ ਬੱਧ ਰਚਨਾਵਾਂ ਦੁਆਰਾ ਆਪਣਾ ਯੋਗਦਾਨ ਪਾਇਆ ਹੈ।

ਇਹਨਾਂ ਗੁਰਮਤਿ ਸੰਗੀਤ ਸੇਵੀਆਂ ਸਬੰਧੀ ਜਾਣਕਾਰੀ ਅਗਾਂਹ ਦਿੱਤੀ ਜਾ ਰਹੀ ਹੈ ਇਸ ਸੰਦਰਭ ਵਿਚ ਸੁਰਲਿਪੀ ਬੱਧ ਕਾਰਜ ਦਾ ਵੇਰਵਾ ਤੇ ਵਿਸ਼ਲੇਸ਼ਣ ਵੀ ਵਿਚਾਰਨਯੋਗ ਹੈ।

**ਭਾਈ ਸਾਹਿਬ ਭਾਈ ਗਿਆਨ ਸਿੰਘ ਜੀ ਐਬਟਾਬਾਦ- ਕੀਰਤਨ ਸੇਵੀ ਭਾਈ ਸਾਹਿਬ ਭਾਈ ਗਿਆਨ ਸਿੰਘ ਜੀ ਐਟਬਟਾਬਾਦ ਗੁਰਮਤਿ ਸੰਗੀਤਚਾਰੀਆ।** ਨਿਧੜਕ ਸਿੱਖ ਅਤੇ ਗੁਰੂ ਘਰ ਦੇ ਅਨਿਨ ਸੇਵਕ ਸਨ। ਆਪ ਨੇ ਆਪਣੀ ਜ਼ਿੰਦਗੀ ਦੇ 65 ਵਰ੍ਹੇ ਜਿੱਥੇ ਕੀਰਤਨ ਦੀ ਸੇਵਾ ਕਰਦਿਆਂ ਬਿਤਾਏ ਉਥੇ ਵਿਵਹਾਰਕ ਤੌਰ ਤੇ ਸਿੱਖ ਰਾਜਨੀਤੀ ਵਿਚ ਪੂਰੀ ਤਰ੍ਹਾਂ ਸਰਗਰਮ ਰਹੇ। ਆਪ ਦਾ ਜਨਮ ਸੰਨ 1897 ਈ: ਵਿਚ ਸ. ਭਗਵਾਨ ਸਿੰਘ ਜੀ ਦੇ ਘਰ ਐਬਟਾਬਾਦ (ਪਾਕਿਸਤਾਨ) ਵਿਖੇ ਹੋਇਆ। ਗੁਰਬਾਣੀ ਸੰਗੀਤ ਦੀ ਬਖਸ਼ਿਸ਼ ਆਪ ਨੂੰ ਵਿਰਾਸਤ ਵਿਚੋਂ ਪ੍ਰਾਪਤ ਹੋਈ। ਆਪ ਨੇ ਅਰੰਭਕ ਸਿੱਖਿਆ ਆਪਣੇ ਪਿਤਾ ਸ. ਭਗਵਾਨ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ। ਕੀਰਤਨ ਗਾਇਨ ਵਿਚ ਮੁਹਾਰਤ ਆਪ ਨੂੰ ਬਹੁਤ ਛੋਟੀ ਉਮਰ ਵਿਚ ਹਾਸਲ ਕਰ ਲਈ। ਆਪ ਨੇ ਗੁਰਮਤਿ ਸੰਗੀਤ ਦੀ ਬਕਾਇਦਾ ਸਿੱਖਿਆ ਭਾਈ ਲਾਲ ਸਿੰਘ ਐਬਟਾਬਾਦ ਤੋਂ ਪ੍ਰਾਪਤ ਕੀਤੀ ਉਪਰੰਤ ਆਪਨੇ ਗਿਆਨੀ ਹਰਦਿੱਤ ਸਿੰਘ ਅਤੇ ਪ੍ਰਿੰ. ਦਿਆਲ ਸਿੰਘ ਜੋ ਨਾਲ ਮਿਲ ਕੇ (ਤਬਲਾ, ਵਾਦਨ, ਸਰੰਦਾ ਅਤੇ ਦਿਲਰੁਬਾ ਵਜਾਉਣ ਦੇ ਮਾਹਰ ਸਨ) ਹੀ ਸੰਗੀਤ ਰਚਨਾਵਾਂ ਨੂੰ ਸੰਗਰਹਿਤ ਕਰਕੇ ਸੁਰਲਿਪੀ ਬੱਧ ਕਰਨ ਦਾ ਕਾਰਜ ਕੀਤਾ। ਇਸ ਕਾਰਜ ਨੂੰ ਆਪਨੇ ਬੜੀ ਮਿਹਨਤ ਅਤੇ ਲਗਨ ਨਾਲ ਮੁਕੰਮਲ ਰੂਪ ਵਿਚ 'ਗੁਰਬਾਣੀ ਸੰਗੀਤ' ਪੁਸਤਕ ਦੇ ਰੂਪ ਵਿਚ ਦਿੱਤਾ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਵਿਚ ਨਿਹਤ ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਰਾਗਾਂ ਦੀਆਂ ਗੀਤਾਂ ਦਾ ਸੁਰਲਿਪੀ ਬੱਧ ਹੋ ਕਾਰਜ ਗੁਰਮਤਿ ਸੰਗੀਤ ਦੇ ਵਿਸ਼ਾਲ ਖਜ਼ਾਨੇ ਵਿਚ ਵੱਡਾ ਯੋਗਦਾਨ ਹੈ। (ਹੋਰ ਜਾਣਕਾਰੀ ਲਈ ਇਸ ਪੁਸਤਕ ਦਾ ਪੰਨਾ ਵੇਖੋ 193)

ਭਾਈ ਸਾਹਿਬ ਵਿਵਹਾਰਕ ਤੌਰ ਤੇ ਅਕਾਲੀ ਲਹਿਰ ਨਾਲ ਸਬੰਧਤ ਰਹੇ। ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਹੀਦੀ ਸੰਸਕਾਰ ਵਾਲੇ ਦਿਨ ਨਨਕਾਣਾ ਸਾਹਿਬ ਪਹੁੰਚੇ; ਦੋ ਸਾਲ ਮੁਲਤਾਨ ਜੇਲ੍ਹ ਵਿਚ ਕੱਟੀ। ਸ਼੍ਰੋਮਣੀ ਕਮੇਟੀ ਦੇ ਆਪ ਮੈਂਬਰ ਵੀ ਸਨ। ਸ਼੍ਰੋਮਣੀ ਕਮੇਟੀ ਨੂੰ ਜਦੋਂ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਉਸ ਸਮੇਂ ਵੀ ਇਹ ਰਾਜਨੀਤਕ ਤੌਰ 'ਤੇ ਪੂਰੀ ਤਰ੍ਹਾਂ ਸਰਗਰਮ ਰਹੇ। ਆਪਣੇ ਜੀਵਨ ਵਿਚ ਭਾਵੇਂ ਇਹ ਸਿੱਖ ਰੂਪ ਵਿਚ ਸਿੱਖ ਮਿਸ਼ਨਗੀ ਸਪਿਰਟ ਨਾਲ ਕਾਰਜ ਕਰਦੇ ਰਹੇ ਪਰੰਤੂ ਗੁਰਮਤਿ ਸੰਗੀਤ ਦੀ ਸੇਵਾ ਅਤੇ ਲਗਨ ਵਿਚ ਕੋਈ ਕਮੀਂ ਨਹੀਂ ਆਉਣ ਦਿੱਤੀ। ਆਪਣੇ ਜੀਵਨ ਦਾ ਵਧੇਰਾ ਸਮਾਂ ਕੀਰਤਨ ਕੀਤਾ ਅਤੇ ਆਪਣੇ ਅੰਤਿਮ ਸਮੇਂ ਤੱਕ ਇਸ ਨੂੰ ਆਪਣੇ ਸੁਆਸਾਂ ਸੰਗ ਨਿਭਾਇਆ। ਇਹਨਾਂ ਦੀ ਉਕਤ ਪੁਸਤਕ 'ਗੁਰਬਾਣੀ ਸੰਗੀਤ' ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਦਾ ਮਾਰਗ ਹਮੇਸ਼ਾ ਰੋਸ਼ਨ ਕਰਦੀ ਰਹੇਗੀ।

**ਸੰਤ ਸਵਰਣ** ਸਿੰਘ ਜੀ 'ਗੰਧਰਵ' : ਗੁਰਮਤਿ ਸੰਗੀਤਾਚਾਰੀਆ ਸੰਤ ਸਵਰਨ ਸਿੰਘ ਗੰਧਰਵ ਜੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡੇਰਾ ਨਾਮ ਹੈ। ਆਪ ਨੇ ਸੰਗੀਤ ਜਗਤ ਵਿਚ ਸਿਧਾਂਤਕ ਅਤੇ ਕਿਰਿਆਤਕ ਰੂਪ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀਆਂ ਪਰੰਪਰਾਗਤ ਟਕਸਾਲਾਂ ਵਿਚੋਂ 'ਡੁਮੇਲੀ ਦੀ ਟਕਸਾਲ' ਆਪ ਦੁਆਰਾ ਸੰਨ 1900 ਈਸਵੀ ਵਿਚ ਸਥਾਪਤ ਕੀਤੀ ਗਈ। ਪੂਰਨ ਸਿਦਕ, ਲਗਨ, ਸ਼ਰਧਾ ਨਾਲ ਕੀਰਤਨ ਦੀ ਸੇਵਾ ਨੂੰ ਇਕ ਸਿਸਟਮ ਵਿਚ ਆਪ ਨੇ ਆਪਣੇ ਅੰਤਿਕ ਸੁਆਸਾਂ ਤਕ ਨਿਭਾਇਆ।

ਸੰਤ ਸਵਰਨ ਸਿੰਘ ਗੰਧਰਵ ਜੀ ਨੇ ਸੰਗੀਤ ਦੀ ਅਰੰਭਕ ਸਿੱਖਿਆ ਆਪਣੇ ਪਿੰਡ ਦੇ ਹੀ ਸੰਗੀਤ ਉਸਤਾਦ ਭਾਈ ਫਕੀਰੀਆ ਜੋ ਕਿ ਰਬਾਬੀ ਕੀਰਤਨੀਏ ਸਨ ਤੋਂ ਪ੍ਰਾਪਤ ਕੀਤੀ। ਉਪਰੰਤ ਵੱਖੋ ਵੱਖਰੇ ਸੰਗੀਤ ਜਗਤ ਦੇ ਮਾਹਿਰਾਂ ਦੇ ਆਪ ਵਿਦਿਆਰਥੀ ਬਣੇ। ਗੁਰਮਤਿ ਸੰਗੀਤ ਦੀ ਵਿਦਿਆ ਸੰਤ ਬਾਬਾ ਦਲੀਪ ਸਿੰਘ ਜੀ ਡੁਮੇਲੀ ਵਾਲੇ ਤੇ ਬ੍ਰਹਮਗਿਆਨੀ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਸੇਵਾ ਤੋਂ ਪ੍ਰਾਪਤ ਹੋਈ। ਪਰੰਪਰਾਗਤ ਸ਼ਾਸਤਰੀ ਸੰਗੀਤ ਵਿਚ ਆਪ ਨੇ 'ਗੰਧਰਵ ਮਹਾਂਵਿਦਿਆਲੇ' ਲਾਹੌਰ ਵਿਚ ਗਾਇਨ ਅਤੇ ਵਾਦਨ ਦੋਹਾਂ ਵਿਚ ਮਾਸਟਰਜ ਡਿਗਰੀ ਪ੍ਰਾਪਤ ਕੀਤੀ। ਦਿਲਰੁਬਾ ਵਾਦਨ ਦੀ ਸਿੱਖਿਆ ਭਾਈ ਬਾਤਨ ਸਿੰਘ ਜੀ ਡੁਮੇਲੀ ਵਾਲਿਆਂ ਤੋਂ ਲਈ ਜਦੋਂ ਕਿ ਸਿਤਾਰ ਵਾਦਨ ਦੀ ਸਿੱਖਿਆ ਪ੍ਰਸਿੱਧ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਜੀ ਤੋਂ ਪ੍ਰਾਪਤ ਕੀਤੀ। ਸੰਤ ਜੀ ਵਿਭਿੰਨ ਸਾਜ਼ ਸਿਤਾਰ, ਦਿਲਰੁਬਾ, ਸੁਰ ਬਹਾਰ, ਜਲ ਤਰੰਗ ਆਦਿ ਨੂੰ ਬਹੁਤ ਮੁਹਾਰਤ ਨਾਲ ਵਜਾ ਲੈਂਦੇ। ਸ਼ਾਸਤਰੀ ਅਤੇ ਗੁਰਬਾਣੀ ਗਾਇਨ ਵਿਚ ਵੀ ਆਪ ਨੂੰ ਬੇਮਿਸਾਲ ਕਮਾਲ ਹਾਸਲ

ਨਾਲ ਵਜਾ ਲੈਂਦੇ। ਸ਼ਾਸਤਰੀ ਅਤੇ ਗੁਰਬਾਣੀ ਗਾਇਨ ਵਿਚ ਵੀ ਆਪ ਨੂੰ ਬੇਮਿਸਾਲ ਕਮਾਲ ਹਾਸਲ ਸੀ। ਆਪ ਦੁਆਰਾ ਬੰਦਸ਼ ਰਚਨਾ, ਗਾਉਣਾ, ਉਸਦੀ ਪ੍ਰਸਤੁਤੀ ਕਰਨਾ ਅਤੇ ਇਸ ਨੂੰ ਸੁਰਲਿਪੀ ਬਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੰਗੀਤ ਸਿਧਾਂਤਾਂ ਦੀ ਵਿਆਖਿਆ ਜਿੱਥੇ ਗੁਰਮਤਿ ਸੰਗੀਤ ਦੀ ਨਿਧੀ ਦਾ ਹਿੱਸਾ ਹੈ ਉਥੇ ਭਾਰਤੀ ਸੰਗੀਤ ਵਿਚ ਇਹ ਪੁਸਤਕਾਂ ਆਪਣੇ ਕਾਰਜ ਦੀ ਨਿਵੇਕਲੀ ਮਿਸਾਲ ਹਨ।

ਸੰਤ ਸਵਰਣ ਸਿੰਘ ਜੀ ਬਤੌਰ ਸੰਗੀਤਕਾਰ, ਸਿਧਾਂਤਕਾਰ, ਬੰਦਸ਼ਕਾਰ ਦੇ ਨਾਲ ਅਧਿਆਪਕ ਵੀ ਸਨ। ਆਪ ਆਪਦੇ ਸੰਗੀਤ ਵਿਦਿਆਲੇ ਦੇ ਸਫਲ ਸੰਚਾਲਕ ਰਹੇ ਅਤੇ ਸੰਤ ਦਲੀਪ ਜੀ ਮੈਮੋਰੀਅਲ ਖਾਲਸਾ ਕਾਲਜ ਵਿਚ ਵੀ ਸੇਵਾ ਨਿਭਾਉਂਦੇ ਰਹੇ। ਦੇਸ਼ ਵਿਦੇਸ਼ਾਂ ਵਿਚ ਕੀਰਤਨ ਦੀ ਪ੍ਰਸਤੁਤੀ, ਪੁਸਤਕਾਂ ਦਾ ਲੇਖਨ, ਅਨੇਕ ਸਾਜ਼ਾਂ ਦਾ ਵਾਦਨ, ਵਿਦਿਆਲਯ ਦਾ ਸੰਚਾਲਨ ਆਦਿ ਆਪ ਦੀ ਸ਼ਖਸੀਅਤ ਦੇ ਅਹਿਮ ਪੱਖ ਹਨ। ਗੁਰਮਤਿ ਸੰਗੀਤ ਪ੍ਰਤੀ ਆਪਣੀ ਸਿਧਾਂਤਕ, ਕਿਰਿਆਤਮਕ ਅਤੇ ਵਿਵਹਾਰਕ ਸੇਵਾ ਨੇ ਆਪ ਨੂੰ ਦੇਸ਼ ਵਿਦੇਸ਼ਾਂ ਤੋਂ ਕਈ ਸਨਮਾਨਾਂ ਅਤੇ ਅਵਾਰਡਾਂ ਦੁਆਰਾ ਸੁਸਜਿਤ ਕੀਤਾ ਗਿਆ। ਸੰਤ ਜੀ ਦੀ ਸੰਗੀਤ ਵਿਦਿਆ ਦੀ ਰੋਸ਼ਨੀ ਓਹਨਾਂ ਦੇ ਸ਼ਿਸਾਂ ਅਤੇ ਵਿਦਿਆਰਥੀਆਂ ਸੰਗ ਸੰਗੀਤ ਮਾਰਗ ਨੂੰ ਹਮੇਸ਼ਾ ਰੁਸ਼ਨਾਉਂਦੀ ਰਹੇਗੀ।

**ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ** : ਭਾਈ ਜਵਾਲਾ ਸਿੰਘ ਜੀ ਦੀ ਕੀਰਤਨ ਪਰੰਪਰਾ ਦੇ ਵਾਰਸ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਗੁਰਮਤਿ ਸੰਗੀਤ ਦੇ ਉਚ ਕੋਟੀ ਦੇ ਕੀਰਤਨੀਏ ਹਨ। ਇਹਨਾਂ ਦਾ ਪਰਿਵਾਰ ਪਿਛਲੀਆਂ ਗਿਆਰਾਂ ਪੀੜ੍ਹੀਆਂ ਤੋਂ ਗੁਰੂ ਘਰ ਦੀ ਕੀਰਤਨ ਦੁਆਰਾ ਸੇਵਾ ਕਰਦਾ ਆ ਰਿਹਾ ਹੈ। ਪੁਰਾਤਨ ਗਾਇਨ ਬੰਦਸ਼ਾਂ, ਪੁਰਾਤਨ ਸ਼ਬਦ ਗੀਤਾਂ ਅਤੇ ਰਾਗਦਾਰੀ ਵਿਚ ਮਾਹਿਰ ਭਾਈ ਅਵਤਾਰ ਸਿੰਘ, ਗੁਰਬਚਨ ਸਿੰਘ ਨਿਰੰਤਰ ਪਿਛਲੇ 40 ਸਾਲਾਂ ਤੋਂ ਕੀਰਤਨ ਦੀ ਸੇਵਾ ਕਰ ਰਹੇ ਹਨ।

ਭਾਈ ਅਵਤਾਰ ਸਿੰਘ ਜੀ ਦਾ ਜਨਮ 8 ਜਨਵਰੀ 1926 ਨੂੰ ਪਿਤਾ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਤੇ ਮਾਤਾ ਰਣਜੋਧ ਸਿੰਘ ਦੇ ਘਰ ਪਿੰਡ ਸੈਦਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਭਾਈ ਸਾਹਿਬ ਭਾਈ ਗੁਰਚਰਨ ਸਿੰਘ ਜੀ ਦਾ ਜਨਮ ਸੰਨ 1915 ਈਸਵੀ ਦਾ ਹੈ। ਆਪ ਨੇ ਸੰਨ 1934 ਵਿਚ ਆਪਣੇ ਪਿਤਾ ਭਾਈ ਜਵਾਲਾ ਸਿੰਘ ਪਾਸੋਂ ਕੀਰਤਨ ਦੀ ਸਿੱਖਿਆ ਅਰੰਭ ਕੀਤੀ। ਆਪ ਨੂੰ ਤਾਊਸ ਵਜਾਉਣ ਵਿਚ ਕਮਾਲ ਹਾਸਲ ਹੈ। ਮੁਸ਼ਕਲ ਤੋਂ ਮੁਸ਼ਕਲ ਸ਼ਬਦ ਗੀਤਾਂ ਨੂੰ ਬਿਨਾਂ ਸਾਜ਼ਾਂ ਤੋਂ ਹੱਥੀਂ ਤਾਲੀ ਵਜਾ ਕੇ ਗਾਉਣ ਵਿਚ ਆਪ ਦੀ ਵਿਲੱਖਣਤਾ ਹੈ। ਸੰਨ 1954 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਕੀਰਤਨਕਾਰ ਆਪ ਨੇ ਸੇਵਾ ਅਰੰਭ ਕੀਤੀ ਅਤੇ ਸੰਨ 13 ਅਪ੍ਰੈਲ 1991 ਵਿਚ ਆਪ ਨੇ ਰਿਟਾਇਰਮੈਂਟ ਲਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਤੋਂ ਬਾਅਦ ਵੀ ਇਹ ਕੀਰਤਨ ਨੂੰ ਗੁਰੂ ਦੀ ਸੇਵਾ ਜਾਣ ਕੇ ਕਰਦੇ ਆ ਰਹੇ ਹਨ। ਏਨੇ ਲੰਮੇ ਅਰਸੇ ਦੌਰਾਨ ਦੇਸ਼ ਅਤੇ ਵਿਦੇਸ਼ ਵਿਚ ਆਪ ਨੂੰ ਅਨੇਕ ਸਨਮਾਨਾਂ ਅਤੇ ਅਵਾਰਡਾਂ ਨਾਲ ਸਨਮਾਨਤ ਕੀਤਾ ਗਿਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪ ਦਾ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਤ 'ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ' ਭਾਗ ਪਹਿਲਾ ਅਤੇ ਦੂਸਰਾ ਹੈ। ਜਿਸ ਵਿਚ-ਪੁਰਾਤਨ ਗੀਤਾਂ ਦੀਆਂ ਬੰਦਸ਼ਾਂ ਨੂੰ ਸੁਰਲਿਪੀ ਬਧ ਕਰਨ ਦਾ ਵਡੇਰਾ ਉਦਮ ਕੀਤਾ ਗਿਆ ਹੈ। ਇਹਨਾਂ ਤੋਂ ਇਲਾਵਾ ਕੀਰਤਨ ਤੇ ਨਿਰਧਾਰਤ ਰਾਗਾਂ ਦੀਆਂ ਵੱਖ ਵੱਖ ਕੰਪਨੀਆਂ ਦੁਆਰਾ ਹੋਈ ਰਿਕਾਰਡਿੰਗਜ਼ ਸਾਡਾ ਵਿਸ਼ੇਸ਼ ਸਰਮਾਇਆ ਹਨ। ਭਾਈ ਸਾਹਿਬ ਦੇ ਗਾਇਨ ਦੀ ਵਿਲੱਖਣਤਾ ਹੈ ਕਿ ਆਪ ਸੈਂਕੜੇ ਬਰਸ ਪੁਰਾਣੀਆਂ ਸ਼ਬਦ ਗੀਤਾਂ ਨੂੰ ਸਹਿਜ ਰੂਪ ਵਿਚ ਗਾਇਨ ਕਰਦੇ ਹਨ। ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ ਜਿੱਥੇ ਸਮੁੱਚਾ ਜੀਵਨ ਕੀਰਤਨ ਕਰਦਿਆਂ ਗੁਰੂ ਘਰ ਲਈ ਅਰਪਿਤ ਕਰ ਦਿੱਤਾ ਉਥੇ ਆਪਣੀਆਂ ਪੁਸਤਕਾਂ ਵਰਤਮਾਨ ਕੀਰਤਨ ਪਰੰਪਰਾ ਨੂੰ ਨਵੀਂ ਦਿਸ਼ਾ ਪਰਦਾਨ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਰਿਹਾ ਹੈ।

**ਪ੍ਰੋ. ਤਾਰਾ ਸਿੰਘ** : ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੀ ਸੁਰੱਖਿਆ, ਸੰਭਾਲ ਤੇ ਪੁਨਰਸੁਰਜੀਤੀ ਵਲ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਪ੍ਰੋ. ਤਾਰਾ ਸਿੰਘ ਜੀ ਦਾ ਜਨਮ 18 ਸਤੰਬਰ 1919 ਨੂੰ ਇਕ ਸਾਧਾਰਨ ਕਿਸਾਨ ਪਰਿਵਾਰ ਵਿਚ ਸਿਧੂਪੁਰ ਖੁਰਦ ਜ਼ਿਲ੍ਹਾ ਰੋਪੜ ਵਿਖੇ ਹੋਇਆ। ਆਪ ਨੇ ਅਰੰਭਕ ਸਿੱਖਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ। ਪਿੰਡ ਦੇ ਗ੍ਰੰਥੀ ਆਪ ਨੂੰ ਗੁਰਬਾਣੀ ਦਾ ਨਿਤ ਨੇਮ ਕੰਠ ਕਰਾਉਂਦੇ ਪ੍ਰੰਤੂ ਆਪ ਦਾ ਕੀਰਤਨ ਵੱਲ ਝੁਕਾਅ ਵਧੇਰੇ ਸੀ। ਆਪ ਦੀ ਲਗਨ

ਨੂੰ ਵੇਖਦੇ ਹੋਏ ਆਪਦੇ ਪਿਤਾ ਸ੍ਰ. ਬਾਰਾ ਸਿੰਘ ਨੇ ਆਪ ਨੂੰ ਪਿੰਡ ਹਰਗਣਾ ਚਮਕੌਰ ਸਾਹਿਬ ਦੀ ਟਕਸਾਲ ਤੋਂ ਬਕਾਇਦਾ ਸੰਗੀਤ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ। ਅੰਮ੍ਰਿਤ ਵੇਲੇ ਤੋਂ ਲੈ ਕੇ ਦੇਰ ਰਾਤ ਤੱਕ ਆਪ ਸੰਗੀਤ ਦਾ ਅਭਿਆਸ, ਨਿਸ਼ਠਾ ਅਤੇ ਲਗਨ ਨਾਲ ਕਰਦੇ। ਹਰ ਰੋਜ਼ ਗੁਰਬਾਣੀ ਦਾ ਪਾਠ, ਸੰਗੀਤ ਅਭਿਆਸ ਅਤੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਆਪ ਦਾ ਨਿਤਨੇਮ ਸੀ। ਇਸੇ ਸਮੇਂ ਇਕ ਸਹਿਪਾਠੀ ਨੇ ਈਰਖਾ ਵਸ ਆਪ ਨੂੰ ਸੰਧੂਰ ਖੁਆ ਦਿੱਤਾ ਜਿਸ ਕਰਕੇ ਕੁਝ ਸਮੇਂ ਲਈ ਆਪ ਦੀ ਅਵਾਜ਼ ਬਿਲਕੁਲ ਬੰਦ ਹੋ ਗਈ। ਗੁਰਬਾਣੀ ਸੰਗੀਤ ਸਿੱਖਿਆ ਆਪ ਨੇ ਉਸਤਾਦ ਸਾਹਿਬ ਕੋਲੋਂ ਕਈ ਸਾਲ ਲਗਾਤਾਰ ਪ੍ਰਾਪਤ ਕੀਤੀ। ਉਪਰੰਤ ਸ਼ਾਸਤਰੀ ਗਾਇਨ ਦੀ ਸਿੱਖਿਆ ਪੰਡਤ ਵਿਸ਼ਨੂ, ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਤ ਐਲ ਡੀ ਭਾਗਵਤ ਕੋਲੋਂ ਲਈ। ਬਰਮਾ ਦੇ ਸ੍ਰੀ ਚਿੰਤਾਮਣੀ ਜੀ ਕੋਲੋਂ ਆਪ ਨੇ ਸਿਤਾਰ ਵਾਦਨ ਦੀ ਪਰੰਭਕ ਸਿੱਖਿਆ ਵੀ ਪ੍ਰਾਪਤ ਕੀਤੀ। ਪ੍ਰੋ. ਤਾਰਾ ਸਿੰਘ ਨੇ ਉਮਰ ਭਰ ਸੰਗੀਤ ਅਧਿਆਪਨ ਨੂੰ ਕਿੱਤੇ ਵਜੋਂ ਅਪਣਾਇਆ। ਖਾਲਸਾ ਗਰਲਜ਼ ਸਕੂਲ ਸਿਧਵਾਂ, ਸਰਕਾਰੀ ਮਹਿਲਾ ਕਾਲਜ, ਲੁਧਿਆਣਾ ਵਿਖੇ ਪੜ੍ਹਾਉਣ ਤੋਂ ਬਾਅਦ ਸਰਕਾਰੀ ਮਹਿਲਾ ਕਾਲਜ, ਪਟਿਆਲਾ ਦੇ ਬਤੌਰ ਮੁਖੀ, ਸੰਗੀਤ ਵਿਭਾਗ ਰਹੇ। ਆਪ ਦੀ ਸ਼ਖਸੀਅਤ ਦੀ ਖ਼ਾਸੀਅਤ ਸੀ ਕਿ ਆਪ ਨਿੱਕੇ ਤੋਂ ਨਿੱਕੇ ਬਾਲ ਤੋਂ ਲੈ ਕੇ ਪ੍ਰੋਢ ਉਮਰ ਤੱਕ ਦੇ ਵਿਅਕਤੀ ਨੂੰ ਪਿਆਰ, ਸਹਿਜ ਅਤੇ ਲਗਨ ਨਾਲ ਪਰੰਪਰਾਗਤ ਸ਼ੁੱਧ ਗੁਰਮਤਿ ਸੰਗੀਤ ਪਰੰਪਰਾ ਦੀ ਸਿਲਖਲਾਈ ਦੇਣ ਦੇ ਸਮਰੱਥ ਸਨ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪ ਨੇ 15 ਮਹੱਤਵਪੂਰਨ ਪੁਸਤਕਾਂ ਲਿਖੀਆਂ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ, ਰਾਗ ਪਰਕਾਰਾਂ ਤੋਂ ਇਲਾਵਾ ਭਾਰਤੀ ਸੰਗੀਤ ਦੇ ਰਾਗਾਂ ਵਿਚ ਅਨੇਕ ਬੰਦਸ਼ਾਂ ਰਚੀਆਂ। ਆਪ ਇਕ ਸਫਲ ਸੁਰਲਿਪੀਕਾਰ ਸਨ। ਆਪਣੇ ਜੀਵਨ ਨੂੰ ਸੰਗੀਤ ਪ੍ਰਤੀ ਸਮਰਪਤ ਕਰਦਿਆਂ ਆਪ ਨੇ ਆਪਣੇ ਅਨੇਕ ਸ਼ਿਸ਼ ਸੰਗੀਤ ਜਗਤ ਨੂੰ ਦਿੱਤੇ। ਸਾਰੀ ਜ਼ਿੰਦਗੀ ਪ੍ਰੋ. ਸਾਹਿਬ ਮਾਨ ਸਨਮਾਨ ਤੋਂ ਨਿਰਲੇਪ ਰਹੇ। 6 ਦਸੰਬਰ 1988 ਨੂੰ ਇਸ ਬਹੁਪਖੀ ਸ਼ਖਸੀਅਤ ਅਤੇ ਸੰਗੀਤਾਚਾਰੀਆ ਦਾ ਦੇਹਾਂਤ ਹੋ ਗਿਆ। ਪ੍ਰੋ. ਤਾਰਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੀ ਨਿਰਧਾਰਤ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਦਾ ਜੋ ਸੁਪਨਾ ਲਿਆ ਸੀ ਉਹ ਅੱਜ ਗੁਰਮਤਿ ਸੰਗੀਤ ਸਬੰਧੀ ਉਚੇਰੀ ਖੋਜ ਅਤੇ ਗੁਰਮਤਿ ਸੰਗੀਤ ਦੇ ਵਿਸ਼ੇ ਦੇ ਲਾਗੂ ਹੋਣ ਅਤੇ ਭਾਰਤੀ ਸੰਗੀਤ ਵਿਚ ਇਸ ਦਾ ਵਿਸ਼ੇਸ਼ ਸਥਾਨ ਸਥਾਪਤ ਹੋਣ ਨਾਲ ਸਕਾਰ ਹੋ ਰਿਹਾ ਹੈ।

ਹਵਾਲੇ ਅਤੇ ਪਦ-ਟਿੱਪਣੀਆਂ


1. ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ (ਭਾਗ ਪਹਿਲਾ), ਪੰਨਾ 69-71
2. ਰਾਮਕਲੀ ਕੀ ਵਾਰ ਰਾਇ ਵਲਵੰਡਿ ਤਥ ਸਤੈ ਡੂਮਿ ਆਖੀ, ਆਦਿ ਗ੍ਰੰਥ, ਪੰਨਾ ੯੬੬
3. ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 150
4. ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 152
5. ਰਾਮਕਲੀ ਮਹਲਾ ੫ ਗੁ. ਗ੍ਰੰ., ਪੰਨਾ ੯੮੫
6. ਪਦਮ ਸ੍ਰੀ ਸੋਹਣ ਸਿੰਘ ਸਿਮਰਤੀ ਗ੍ਰੰਥ, ਪੰਨਾ
7. ਅੰਮ੍ਰਿਤ ਕੀਰਤਨ (ਸੰਪਾ. ਡਾ. ਜਾਗੀਰ ਸਿੰਘ) ਅਕਤੂਬਰ 1993, ਪੰਨਾ 29
8. ਅੰਮ੍ਰਿਤ ਕੀਰਤਨ (ਸੰਪਾ. ਡਾ. ਜਾਗੀਰ ਸਿੰਘ) ਜੁਲਾਈ 1994, ਪੰਨਾ 20


(ਪੁਸਤਕ 'ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ' ਵਿਚੋਂ ਧੰਨਵਾਦ ਸਾਹਿਤ)

# ਗੁਰਬਾਣੀ ਕੀਰਤਨ ਨੂੰ ਸਮਰਪਿਤ ਹੈ ਬੀਬੀ ਬੀਨਾ ਰਾਏ

ਨਵੀਂ ਪ੍ਰਭਾਤ ਵਿਚੋਂ ਧੰਨਵਾਦ ਸਹਿਤ

ਹਿੰਦੁਸਤਾਨ ਦੇ ਇਕ ਵੱਡੇ ਸ਼ਹਿਰ ਕਲਕੱਤਾ ਵਿਚ ਜਿਥੇ ਜ਼ਿੰਦਗੀ ਬਹੁਤ ਹੀ ਤੇਜ਼ ਰਫਤਾਰ ਵਿਚ ਚਲਦੀ ਹੈ, ਤਰ੍ਹਾਂ ਤਰ੍ਹਾਂ ਦੀਆ ਸਰਗਮੀਆਂ ਅਤੇ ਭੀੜ ਭੜੱਕੇ ਵਾਲੇ ਇਸ ਸ਼ਹਿਰ ਵਿਚ ਸਹਿਜਭਾਵੀ ਹੋ ਕੇ ਗੁਰਬਾਣੀ ਸੰਗੀਤ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਮੰਨਣ ਵਾਲੀ ਬੀਬੀ ਬੀਨਾ ਰਾਏ ਮਾਨੋ ਸੰਗੀਤ ਰਾਹੀਂ ਸ਼ਹਿਰ ਦੀ ਤਪਸ਼ ਨੂੰ ਘੱਟ ਕਰਨ ਵੱਲ ਰੁਚਿਤ ਹੈ। ਵਾਰ ਵਾਰ ਗੁਰਬਾਣੀ ਦਾ ਕੀਰਤਨ ਕਰਕੇ ਉਸ ਨੂੰ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇੰਡੀਅਨ ਸਟੈਟਸੀਕਲ ਇੰਸਟੀਚਿਊਟ ਬਨਹੁਗਲੀ (ਕਲਕੱਤਾ) ਦੀ ਕਰਮਚਾਰੀ ਬੀਬੀ ਬੀਨਾ ਰਾਏ ਨੂੰ ਕਲਾਸੀਕਲ ਸੰਗੀਤ ਗੁੜਤੀ ਵਿਚ ਮਿਲਿਆ। ਆਪ ਦੇ ਮਾਤਾ ਪਿਤਾ ਫੋਕ ਸਿੰਗਰ ਸਨ। ਘਰ ਦੇ ਅਜਿਹੇ ਮਾਹੌਲ ਸਦਕਾ ਉਹ ਛੋਟੀ ਉਮਰ ਤੋਂ ਹੀ ਗਾਉਣ ਲਗ ਪਈ ਸੀ। ਉਸ ਨੂੰ ਕਲਾਸੀਕਲ ਸੰਗੀਤ ਉਸਤਾਦ ਕਲਾਕਾਰ ਹਰੀ ਹਰ ਸ਼ੁਕਲਾ ਨੇ ਸਿਖਾਇਆ। ਛੋਟੇ ਵੱਡੇ ਭੈਣ ਭਰਾਵਾਂ ਨੇ ਵੀ ਇਸੇ ਉਸਤਾਦ ਕੋਲੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੇ ਬੜੇ ਗੁਲਾਮ ਅਲੀ ਖਾਂ ਦੇ ਸਪੁੱਤਰ ਮੁੱਨਵਰ ਖਾਨ ਦੇ ਸ਼ਗਿਰਦ ਆਰਤੀ ਬਾਗਚੀ ਤੋਂ ਵੀ ਸੰਗੀਤ ਸਿੱਖਿਆ ਦੀਆਂ ਬਾਰਕੀਆਂ ਨੂੰ ਜਾਣਿਆ।

ਬੀਬੀ ਬੀਨਾ ਰਾਏ ਨੂੰ ਮੀਰਾਂਬਾਈ ਦੇ ਭਜਨ ਅਤੇ ਨਜ਼ਰੂਲ ਗੀਤ ਗਾਉਣ ਦਾ ਸ਼ੌਕ ਸ਼ੁਰੂ ਤੋਂ ਹੀ ਸੀ। ਗੁਰਬਾਣੀ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਕਾਸ਼ੀਪੁਰ ਦੇ ਗ੍ਰੰਥੀ ਭਾਈ ਮਨਜੀਤ ਸਿੰਘ ਦੀ ਪ੍ਰੇਰਨਾ ਨਾਲ ਹੋਈ। ਗੁਰਦੁਆਰਾ ਸਾਹਿਬ ਵਿਖੇ ਗੁਰਪੁਰਬ ਮੌਕੇ 'ਕਲ ਤਾਰਨ ਗੁਰ ਨਾਨਕ ਆਇਆ' ਸ਼ਬਦ ਗਾਇਨ ਕੀਤਾ। ਬੀਬੀ ਜੀ ਨੇ ਇਸ ਸ਼ਬਦ ਦੀ ਕੰਪੋਜ਼ਿੰਗ ਵੀ ਖੁਦ ਹੀ ਤਿਆਰ ਕੀਤੀ ਸੀ। ਸਿੱਖ ਭਾਈਚਾਰਾ ਕਮੇਟੀ ਬਨਹੁਗਲੀ (ਕਲਕੱਤਾ) ਵਲੋਂ ਬੀਬੀ ਜੀ ਨੂੰ ਬੜਾ ਉਤਸ਼ਾਹ ਮਿਲਿਆ। ਇਸ ਉਤਸ਼ਾਹ ਸਦਕਾ ਬੀਬੀ ਨੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ। ਸੰਗੀਤ ਦੇ ਖੇਤਰ ਵਿਚ ਇਕ ਤੋਂ ਇਕ ਮੰਜਿਲਾਂ ਸਰ ਕਰਦੀ ਗਈ। ਇਸ ਸਮੇਂ ਬੀਬੀ ਬੀਨਾ ਰਾਏ ਦੀ ਗੁਰਬਾਣੀ ਦੇ ਲਗਭਗ 125 ਸ਼ਬਦਾਂ ਦੀ ਪੂਰੀ ਤਿਆਰੀ ਹੈ, ਵੱਡੇ ਸ਼ਹਿਰ ਕਲਕੱਤਾ ਦੇ ਸਾਰੇ ਗੁਰਦੁਆਰਿਆਂ ਤੋਂ ਇਲਾਵਾ ਬੀਬੀ ਬੀਨਾ ਰਾਏ ਨੂੰ ਆਸਪਾਸ ਦੇ ਹੋਰਨਾਂ ਗੁਰਦੁਆਰਿਆਂ ਵਿਚ ਕੀਰਤਨ ਕਰਨ ਦਾ ਅਵਸਰ ਪ੍ਰਦਾਨ ਹੋਇਆ। ਆਪ ਮੰਨਦੇ ਹਨ ਕਿ ਉਹਨਾਂ ਨੂੰ ਗੁਰਬਾਣੀ ਮਿਊਜ਼ਿਕ ਅਕੈਡਮੀ ਦੇ ਸੰਚਾਲਕ ਸ੍ਰ. ਨਰਿੰਦਰ ਸਿੰਘ ਤੋਂ ਬਹੁਤ ਅਗਵਾਈ ਮਿਲੀ ਹੈ। ਬੀਬੀ ਦਾ ਕਹਿਣਾ ਹੈ ਕਿ ਉਸ ਨੂੰ ਮੇਜਰ ਆਗਿਆਪਾਲ ਸਿੰਘ ਜੀ ਪਾਸ ਚੰਡੀਗੜ੍ਹ ਵਿਖੇ ਕੀਰਤਨ ਕਰਕੇ ਬਹੁਤ ਪ੍ਰਸੰਨਤਾ ਮਿਲੀ ਹੈ।

ਗੈਰ ਪੰਜਾਬੀ ਤੇ ਗੈਰ ਸਿੱਖ ਬੀਬੀ ਬੀਨਾ ਰਾਏ ਦਾ ਕਲਾਸੀਕਲ ਰਿਆਜ਼ ਲਗਾਤਾਰ ਜਾਰੀ ਹੈ। ਉਨ੍ਹਾਂ ਦੇ ਪਤੀ ਵਲੋਂ ਉਸ ਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਇਸ ਬੀਬੀ ਤੋਂ ਆਸਾਂ ਹਨ ਕਿ ਉਹ ਗੁਰਬਾਣੀ ਦੇ ਨਿਰਧਾਰਤ ਰਾਗਾਂ ਉਤੇ ਗਾਇਨ ਕਰਕੇ ਗੁਰਬਾਣੀ ਕੀਰਤਨ ਵਿਚ ਆਪਣਾ ਨਾਮ ਰੋਸ਼ਨ ਕਰੇਗੀ।

# ਸ੍ਰੀ ਦਰਬਾਰ ਸਾਹਿਬ ਜੀ ਦੇ ਮੁੱਖ ਅਰਦਾਸੀਏ - ਭਾਈ ਸਾਹਿਬ ਭਾਈ ਧਰਮ ਸਿੰਘ ਜੀ

ਅਵਤਾਰ ਸਿੰਘ ਹੰਸ : ਗੁਰਬਾਣੀ ਕੀਰਤਨ ਅਕੈਡਮੀ, ਸੰਗਰੂਰ

ਭਾਈ ਸਾਹਿਬ ਭਾਈ ਧਰਮ ਸਿੰਘ ਜੀ ਦਾ ਜਨਮ 4.4.1954 ਵਿਚ ਸ. ਦਲੀਪ ਸਿੰਘ ਦੇ ਘਰ ਪਿੰਡ ਘੁਕੇਵਾਲੀ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਘੁਕੇਵਾਲੀ ਨਗਰ ਇਤਹਾਸਕ ਨਗਰ ਹੈ ਇਸ ਨਗਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਕੇਤ ਮੰਡੀ ਦੇ ਰਾਜਾ ਹਰੀ ਸੈਨ ਦਾ ਇਕ ਜਨਮ ਸੁਪਨੇ ਵਿਚ ਕੱਟਿਆ ਸੀ। ਇਸ ਨਗਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਭਾਗ ਲਾਏ। ਗੁਰੂ ਸਾਹਿਬ ਭਾਈ ਘੁਕੇ ਜੀ ਦੇ ਘਰ 9 ਮਹੀਨੇ 9 ਦਿਨ ਬਿਰਾਜੇ ਤੇ ਕਈ ਵਰ ਦਿੱਤੇ ਸਨ। ਗਿ. ਧਰਮ ਸਿੰਘ ਜੀ ਨੇ ਮੈਟ੍ਰਿਕ ਤੱਕ ਵਿੱਦਿਆ ਖਾਲਸਾ ਹਾਈ ਸਕੂ ਘੁਕੇਵਾਲੀ ਤੋਂ ਹੀ ਪ੍ਰਾਪਤ ਕੀਤੀ ਅਤੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਾਉਂਦੇ ਰਹੇ।

9 ਸਾਲ ਦੀ ਉਮਰ ਵਿਚ ਆਪ ਜੀ ਨੇ ਅੰਮ੍ਰਿਤਪਾਨ ਕੀਤਾ। ਗੁਰੂ ਬਖਸ਼ਿਸ਼ ਸਦਕਾ ਅੰਮ੍ਰਿਤ ਛਕਣ ਤੋਂ 19 ਦਿਨ ਬਾਅਦ ਹੀ ਆਪ ਜੀ ਨੂੰ ਗੁਰੂ ਘਰ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਤਨ ਮਨ ਨਾਲ ਗੁਰੂ ਘਰ ਦੀ ਸੇਵਾ ਕਰਦੇ ਕਰਦੇ ਤਰੱਕੀਆਂ ਕਰਦੇ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪ ਭਰਤੀ ਹੋ ਗਏ। ਸਭ ਤੋਂ ਪਹਿਲਾਂ ਆਪ ਨੇ ਗੁ. ਰਾਮਸਰ ਸਾਹਿਬ ਵਿਖੇ ਸੇਵਾਦਾਰ ਦੀ ਡਿਊਟੀ ਆਰੰਭ ਕੀਤੀ। ਫਿਰ ਗੁ. ਸ਼ਹੀਦਾਂ ਵਿਖੇ ਜੋੜਿਆਂ ਦੀ ਸੇਵਾ ਕਰਦੇ ਰਹੇ ਅਤੇ ਕੜਾਹ ਪ੍ਰਸਾਦਿ ਵਰਤਾਉਣ ਦੀ ਸੇਵਾ ਤੱਕ ਸਾਰੀ ਸੇਵਾ ਬੜੀ ਸ਼ਰਧਾ ਸਤਿਕਾਰ ਨਾਲ ਨਿਭਾਉਂਦੇ ਰਹੇ। ਫਿਰ ਸ੍ਰੀ ਦਰਬਾਰ ਸਾਹਿਬ ਹਜੂਰੀਆਂ ਸੇਵਾਦਾਰ ਦੀ ਡਿਊਟੀ ਕਰਦੇ ਰਹੇ।

***ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤਲਾਇ॥***

ਇਸ ਤਰ੍ਹਾਂ ਗੁਰੂ ਘਰ ਦੀ ਮਹਾਨ ਸੇਵਾ ਦੁਆਰਾ ਆਪ ਜੀ ਨੂੰ ਮਾਣ ਪ੍ਰਾਪਤ ਹੋਇਆ। ਫਿਰ 1976 ਤੋਂ 1989 ਤੱਕ ਤਕਰੀਬਨ 13 ਸਾਲ ਗਿ. ਧਰਮ ਸਿੰਘ ਜੀ ਹੁਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਮਹਾਨ ਸੇਵਾ ਨਿਭਾਈ। ਇਸੇ ਸੇਵਾ ਦੌਰਾਨ ਆਪ ਜੀ ਨੇ ਗੁਰਬਾਣੀ, ਗੁਰਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਚੰਗੇ ਗ੍ਰੰਥੀ ਤੇ ਪ੍ਰਚਾਰਕ ਬਣ ਗਏ। ਇਕ ਦਿਨ ਆਪ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਸੋਦਰ ਰਹਿਰਾਸ ਸਾਹਿਬ ਦਾ ਪਾਠ ਕਰਨ ਉਪਰੰਤ ਅਰਦਾਸ ਕਰ ਰਹੇ ਸਨ। ਕੁਦਰਤੀ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਪ੍ਰਕਰਮਾ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਅਰਦਾਸ ਹੋ ਰਹੀ ਸੀ ਅਰਦਾਸ ਵਿਚ ਸ਼ਾਮਿਲ ਹੋਏ। ਸਿੰਘ ਸਾਹਿਬ ਜੀ, ਗਿਆਨੀ ਧਰਮ ਸਿੰਘ ਦੀ ਅਰਦਾਸ ਤੋਂ ਬਹੁਤ ਪ੍ਰਭਾਵਿਤ ਹੋਏ ਕਹਿਣ ਲੱਗੇ ਤੁਸੀਂ ਸੁੰਦਰ ਢੰਗ ਨਾਲ ਅਰਦਾਸ ਕਰਦੇ ਹੋ। ਗੁਰੂ ਰਾਮਦਾਸ ਸਾਹਿਬ ਜੀ ਦੀ ਬਖਸ਼ਿਸ਼ ਹੋਈ ਕੁਝ ਦਿਨ ਬਾਅਦ ਹੀ ਗਿਆਨੀ ਜੋਗਿੰਦਰ ਸਿੰਘ ਜੀ ਜੋ ਉਸ ਵਕਤ ਸ੍ਰੀ ਦਰਬਾਰ ਸਾਹਿਬ ਵਿਖੇ ਮੁੱਖ ਅਰਦਾਸੀਏ ਸਨ। ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਸਾਹਿਬ ਬਣਾ ਦਿੱਤਾ ਗਿਆ ਤੇ ਭਾਈ ਧਰਮ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਅਰਦਾਸੀਆ ਨਿਯੁਕਤ ਕਰ ਦਿੱਤਾ ਗਿਆ।

"ਜਿਨ ਸੇਵਿਆ ਤਿਨ ਪਾਇਆ ਮਾਣ" ਗੁਰਵਾਕ ਸੱਚ ਹੋਇਆ ਇਸ ਤਰ੍ਹਾਂ ਗਿਆਨੀ ਜੀ ਸੇਵਾਦਾਰ ਦੀ ਸੇਵਾ ਤੋਂ ਤਰੱਕੀ ਕਰਦੇ ਕਰਦੇ ਇਸ ਮਹਾਨ ਅਹੁਦੇ ਤੇ ਪਹੁੰਚੇ।

ਗਿਆਨੀ ਧਰਮ ਸਿੰਘ ਜੀ ਗੁਰੂ ਸਾਹਿਬ ਜੀ ਦਾ ਕੋਟਾਨ ਕੋਟ ਸ਼ੁਕਰ ਕਰਦੇ ਹਨ। ਕਿਸੇ ਤੇ ਗਿਲਾ ਸ਼ਿਕਵਾ ਨਹੀ ਕਰਦੇ। ਬੜੇ ਮਿਲਾਪੜੇ ਸੱਜਣ ਹਨ ਹਰ ਇਕ ਨੂੰ ਬੜਾ ਪਿਆਰ ਦਿੰਦੇ ਹਨ। ਗਿ. ਧਰਮ ਸਿੰਘ ਜੀ ਦੇ ਸਾਰੇ ਪ੍ਰਵਾਰ ਤੇ ਗੁਰੂ ਦੀ ਰਹਿਮਤ ਹੈ। ਇਹਨਾਂ ਦੇ ਸਪੁੱਤਰ ਕਾਕਾ ਮਨਜਿੰਦਰ ਸਿੰਘ ਦਾ ਸ਼ੁਭ ਆਨੰਦ ਕਾਰਜ ਪਿਛਲੇ ਸਮੇਂ ਹੀ ਗਿਆਨੀ ਅਮਰਜੀਤ ਸਿੰਘ ਹੁਰਾਂ ਦੀ ਬੇਟੀ ਬੀਬੀ ਕੁਲਦੀਪ ਕੌਰ ਨਾਲ ਹੋਇਆ। ਗਿ. ਅਮਰਜੀਤ ਸਿੰਘ ਜੋਗੀ ਸੰਗਰੂਰ ਦੇ ਪ੍ਰਸਿੱਧ ਗ੍ਰੰਥੀ ਹਨ ਤੇ ਬਹੁਤ ਵਧੀਆ ਤਬਲਾ ਵਾਦਕ ਹਨ ਵਿਦੇਸ਼ਾਂ ਵਿਚ ਅਕਸਰ ਜਾਂਦੇ ਰਹਿੰਦੇ ਹਨ। ਇਸ ਆਨੰਦ ਕਾਰਜ ਦੀ ਮਰਿਯਾਦਾ ਨਿਭਾਉਣ ਲਈ ਸਿੰਘ ਸਾਹਿਬ ਗਿ. ਗੁਰਬਚਨ ਸਿੰਘ, ਗਿ. ਜਗਤਾਰ ਸਿੰਘ ਜੀ ਸ਼ਾਮਲ ਹੋਏ ਪੂਰਨ ਗੁਰੂ ਮਰਿਯਾਦਾ ਨਾਲ ਅਨੰਦ ਕਾਰਜ ਹੋਇਆ ਕੀਰਤਨ ਦੀ ਸੇਵਾ ਭਾਈ ਸਾਹਿਬ ਨਿਰਮਲ ਸਿੰਘ ਜੀ ਖਾਲਸਾ ਨੇ ਨਿਭਾਈ। ਉਸ ਵਕਤ ਗਿ. ਧਰਮ ਸਿੰਘ ਹੁਰਾਂ ਦੇ ਦਰਸ਼ਨ ਦੀਦਾਰ ਹੋਏ ਗਿਆਨੀ ਜੀ ਬਹੁਤ ਹੀ ਮਿਲਾਪੜੇ ਤੇ ਮਿਠ ਬੋਲੜੇ ਸੱਜਣ ਹਨ।

## ਕੀਰਤਨ ਸਮਾਚਾਰ

ਗੁਰਮਤਿ ਸੰਗੀਤ ਵਿਦਿਆਲਾ ਖਨੌਰੀ (ਰਜਿ) ਵਿਖੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਦੇ ਵਰੋਸਾਏ ਬਾਬਾ ਧੂਰੀ ਜੀ ਜਿਨ੍ਹਾਂ ਨੇ ਇਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ ਤੇ ਗੁਰੂ ਘਰ ਤਿਆਰ ਕਰਵਾਏ। ਉਨ੍ਹਾਂ ਦੇ ਸੇਵਕ ਸੰਤ ਪਵਿੱਤਰ ਸਿੰਘ ਜੀ ਜੋ ਆਪ ਇਕ ਸਫਲ ਕੀਰਤਨੀਏ ਹਨ ਅਤੇ ਰਾਗ ਦੀ ਚੰਗੀ ਸੂਝ ਅਤੇ ਸ਼ੌਕ ਰੱਖਣ ਵਾਲੇ ਹਨ, ਵਲੋਂ ਦੋ ਸਾਲ ਪਹਿਲਾਂ ਗੁਰਮਤਿ ਸੰਗੀਤ ਵਿਦਿਆਲਾ ਸ਼ੁਰੂ ਕੀਤਾ ਗਿਆ। ਜਿਸ ਵਿਚ ਇਲਾਕੇ ਦੇ 40-45 ਵਿਦਿਆਰਥੀ ਸੰਗੀਤ ਦੀ ਸਿੱਖਿਆ ਲੈ ਰਹੇ ਹਨ। ਇਥੇ ਗੁਰਜੰਤ ਸਿੰਘ ਰਾਹੀ, ਭਾਈ ਸੁਖਜਿੰਦਰ ਸਿੰਘ ਅਤੇ ਪ੍ਰੋ. ਧਰਮ ਸਿੰਘ ਸੰਗੀਤ ਅਧਿਆਪਕ ਦੀ ਸੇਵਾ ਨਿਭਾਉਂਦੇ ਰਹੇ। ਪਿਛਲੇ ਦਿਨੀਂ ਵਿਦਿਆਲੇ ਦਾ ਪਹਿਲਾ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਵਿਚ ਵਿਦਿਆਲੇ ਦੇ ਵਿਦਿਆਰਥੀਆਂ ਵਲੋਂ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕੀਤੇ ਗਏ। ਭਾਈ ਸੁਰਜੀਤ ਸਿੰਘ ਮੁੱਲਾਂਪੁਰੀ ਹਜ਼ੂਰੀ ਰਾਗੀ ਗੁ. ਦੁਖ ਨਿਵਾਰਨ ਸਾਹਿਬ ਪਟਿਆਲਾ ਨੇ ਬਸੰਤ ਰਾਗ ਦਰਬਾਰ ਸਾਹਿਬ ਦੀ ਮਰਿਆਦਾ ਅਨੁਸਾਰ ਗਾਇਨ ਕੀਤਾ। ਭਾਈ ਅਵਤਾਰ ਸਿੰਘ ਜੀ ਕਿਸ਼ਨਪੁਰਾ ਸੰਗਰੂਰ ਵਾਲਿਆਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਸ਼ਬਦ ਗਾਇਨ ਕੀਤਾ। ਪੰਜਵੀਂ ਕਲਾਸ ਦੀ ਵਿਦਿਆਰਥਣ ਬੀਬੀ ਸਿਮਰਨਜੀਤ ਕੌਰ ਦੀ ਸੁਰੀਲੀ ਸੁਰ ਨੇ ਸੰਗਤਾਂ ਨੂੰ ਵਜਦ ਵਿਚ ਲੈ ਆਂਦਾ। ਸੰਤ ਪਵਿੱਤਰ ਸਿੰਘ ਜੀ ਨੇ ਬੱਚੀ ਨੂੰ ਹਰੇਕ ਪੂਰਨਮਾਸੀ ਤੇ ਕੀਰਤਨ ਕਰਨ ਦਾ ਸੱਦਾ ਦਿੱਤਾ। ਭਾਈ ਗੁਰਦੀਪ ਸਿੰਘ ਟੋਹਾਣਾ ਅਤੇ ਸ੍ਰ. ਸੁਲਖਣ ਸਿੰਘ ਨਿਰਾਲਾ ਰੇਡਿਓ ਆਰਟਿਸਟ ਨੇ ਰਾਗ ਸਾਰੰਗ ਵਿਚ ਸ਼ਬਦ ਗਾਇਨ ਤੋਂ ਬਾਅਦ ਧਾਰਮਿਕ ਗੀਤ ਪੇਸ਼ ਕੀਤੇ। ਇਨ੍ਹਾਂ ਸਾਰੇ ਕੀਰਤਨੀਆਂ ਨਾਲ ਤਬਲੇ ਦੀ ਭਰਵੀਂ ਸੰਗਤ ਕੁਲਦੀਪ ਸਿੰਘ ਬੂਟਾ ਵਲੋਂ ਕੀਤੀ ਗਈ। ਹਜ਼ੂਰੀ ਰਾਗੀ ਭਾਈ ਦਲਬੀਰ ਸਿੰਘ ਨੇ ਪੜਤਾਲ ਗਾ ਕੇ ਆਪਣੀ ਹਾਜ਼ਰੀ ਲੁਆਈ। ਗੁਰਜੰਤ ਸਿੰਘ ਰਾਹੀ ਨੇ ਗੁਰਮਤਿ ਸੰਗੀਤ ਅਤੇ ਅਜੋਕੇ ਕੀਰਤਨ ਬਾਰੇ ਆਪਣੇ ਵੀਚਾਰ ਪ੍ਰਗਟ ਕੀਤੇ। ਬੱਚਿਆਂ ਨੂੰ ਗੁਰਮਤਿ ਸੰਗੀਤ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਕਿਹਾ। ਸਟੇਜ ਸਕੱਤਰ ਦੀ ਸੇਵਾ ਭਾਈ ਸਾਹਿਬ ਅਤੇ ਗੁਰਜੰਤ ਸਿੰਘ ਰਾਹੀ ਨੇ ਬਾਖੂਬੀ ਨਿਭਾਈ। ਸ਼ਾਮ ਦੇ ਦੀਵਾਨ ਵਿਚ ਸੰਤ ਸਮਾਗਮ ਵਿਚ ਸੰਤ ਭੁਪਿੰਦਰ ਸਿੰਘ ਜੀ ਜਰਗ ਵਾਲੇ, ਸੰਤ ਕਸ਼ਮੀਰਾ ਸਿੰਘ ਜੀ ਅਲਹੌਰਾਂ ਵਾਲੇ ਸੰਤ ਨਾਮਦੇਵ ਸਿੰਘ ਘੱਗਾ, ਨਿਰਮਲ ਅਤੇ ਸੰਤ ਸੁਖਾ ਸਿੰਘ ਨੇ ਗੁਰਮਤਿ ਵੀਚਾਰਾਂ ਕੀਤੀਆਂ। ਭਾਈ ਗੁਰਬਖਸ਼, ਸਿੰਘ ਬੂਟਾ ਸਿੰਘ ਗੁਰਜੰਟ ਸਿੰਘ, ਹਰਜੀਤ ਸਿੰਘ, ਅਮਨਦੀਪ ਸਿੰਘ ਆਦਿ ਨੇ ਸੰਗਤਾਂ ਲਈ ਲੰਗਰ ਅਤੇ ਚਾਹ ਪਾਣੀ ਦੀ ਸੇਵਾ ਕੀਤੀ। ਇਲਾਕੇ ਦੀਆਂ ਸੰਗਤਾਂ ਨੂੰ ਐਨਾ ਵਧੀਆ ਗੁਰਮਤਿ ਸਮਾਗਮ ਕਰਵਾਉਣ ਤੇ ਸੰਤ ਪਵਿੱਤਰ ਸਿੰਘ ਜੀ ਦੀ ਭਰਪੂਰ ਸ਼ਲਾਘਾ ਕੀਤੀ ਜਿਨ੍ਹਾਂ ਬੱਚਿਆਂ ਨੂੰ ਗੁਰਮਤਿ ਸੰਗੀਤ ਨਾਲ ਜੁੜਨ ਦਾ ਸਾਧਨ ਬਣਾਇਆ। ਅਖੀਰ ਤੇ ਸੰਤ ਪਵਿੱਤਰ ਸਿੰਘ ਜੀ ਅਤੇ ਬਾਬਾ ਚੰਨ ਜੀ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਤ ਮਹਾਤਮਾਂ ਕੀਰਤਨੀਆਂ ਵਿਚਵਾਨਾਂ ਨੂੰ ਸਿਰੋਪੇ ਬਖਸ਼ ਕੇ ਆਸ ਰੱਖੀ ਕਿ ਅੱਗੇ ਨੂੰ ਵੀ ਅਜਿਹੇ ਸਮਾਗਮ ਕਰਵਾਉਣ ਦਾ ਵਾਹਦਾ ਕੀਤਾ। ਕੁਲ ਮਿਲਾ ਕੇ ਸਮਾਗਮ ਸਫਲ ਰਿਹਾ।

*ਗੁਰਜੰਤ ਸਿੰਘ ਰਾਹੀ - ਗੁਰਮਤਿ ਸੰਗੀਤ ਵਿਦਿਆਲਾ ਗਿ. ਦਿੱਤ ਸਿੰਘ ਕਲੋਨੀ, ਸੰਗਰੂਰ*

## ਸੁਰ ਲਿਪੀਆਂ

ਭਾਈ ਕਸ਼ਮੀਰ ਸਿੰਘ : 1612, ਫੇਜ਼ 7, ਮੋਹਾਲੀ

*ਰਾਗ ਬਸੰਤ ਹਿੰਡੋਲ*

**ਥਾਟ:** ਕਲਿਆਣ, ਮੇ ਤੀਵਰ, ਬਾਕੀ ਸਾਰੇ ਸ਼ੁੱਧ **ਜਾਤੀ:** ਓੜਵ ਓੜਵ, ਰੇ ਅਤੇ ਪ ਵਰਜਿਤ

**ਵਾਦੀ:** ਧ **ਸੰਵਾਦੀ:** ਗ **ਗਾਇਣ ਸਮਾਂ:** ਬਸੰਤ ਰੁਤ

**ਪਕੜ** - ਧ ਧ, ਮੇ ਧ ਸਂ, ਧ ਮ ਗ।

**ਆਰੋਹ** - ਸ ਗ ਮੇ ਧ, ਨੀ ਧ ਸਂ **ਅਵਰੋਹ** - ਸਂ ਨੀ ਧ, ਮੱਗ, ਮੱਗ ਸ। **ਤਿੰਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| *ਅਸਥਾਈ* | | | | | | | | | | | | | | | |
| | | | | | | | | ਸਂ | – | ਧ | ਸਂ | ਨੀ | ਧ | ਮੇ | ਗ |
| | | | | | | | | *ਆ* | *ऽ* | *ਜੁ* | *ਹ* | *ਮਾ* | *ऽ* | *ਰੈ* | *ऽ* |
| ਗ | ਗ | ਮੇ | ਧ | ਮੇ | ਗ | ਗ | ਸ | ਸ | ਸ | ਗ | – | ਮੇ | – | ਧ | ਮੇਧ |
| *ਗ੍ਰਿ* | *ਹਿ* | *ऽ* | *ਬ* | *ਸੰ* | *ऽ* | *ऽ* | *ਤੁ* | *ਗੁ* | *ਨ* | *ਗਾ* | *ऽ* | *ਏ* | *ऽ* | *ਪ੍ਰ* | *ਭऽ* |
| ਸਂ | ਸਂ | ਨੀ | ਧ | ਨੀ | ਮੇ | ਧ | ਧ | | | | | | | | |
| *ਤੁ* | *ਮ* | *ऽ* | *ਬੇ* | *ਅੰ* | *ऽ* | *ऽ* | *ਤ* | | | | | | | | |
| *ਅੰਤਰਾ* | | | | | | | | ਮੇ | ਮੇ | ਗ | – | ਮੇਮੇ | ਧ | ਮੇ | ਧ |
| | | | | | | | | *ਗ* | *ਰੁ* | *ਸੇ* | *ऽ* | *ਵਉ* | *ऽ* | *ਕ* | *ਰਿ* |
| ਸਂ | ਸਂ | ਸਂ | ਸਂ | ਸਂ | – | ਸਂ | – | ਸਂ | – | ਗਂ | ਮੇਂ | ਗਂ | ਸਂ | ਸਂ | – |
| *ਨ* | *ਮ* | *ऽ* | *ਸ* | *ਕਾ* | *ऽ* | *ਰ* | *ऽ* | *ਆ* | *ऽ* | *ਜੁ* | *ਹ* | *ਮਾ* | *ऽ* | *ਰੈ* | *ऽ* |
| ਸਂ | – | ਸਂ | ਸਂ | ਨੀ | ਧ | ਮੇ | ਗ | ਗ | – | ਗ | ਗ | ਮੇ | – | ਨੀ | – |
| *ਮੰ* | *ऽ* | *ਗ* | *ਲ* | *ਚਾ* | *ऽ* | *ਰ* | *ऽ* | *ਆ* | *ऽ* | *ਜੁ* | *ਹ* | *ਮਾ* | *ऽ* | *ਰੈ* | *ऽ* |
| ਮੇ | – | ਗ | ਮ | ਗ | – | ਸ | ਸ | ਸ | – | ਗ | ਗ | ਮੇ | – | ਧ | – |
| *ਮ* | *ਹਾ* | *ऽ* | *ਅ* | *ਨੰ* | *ऽ* | *ਦ* | *ऽ* | *ਚਿੰ* | *ऽ* | *ਤ* | *ਲ* | *ਥੀ* | *ऽ* | *ਭੇ* | *ऽ* |
| ਸਂ | -ਸਂ | ਸਂ | – | ਨੀ | ਧ | ਨੀਮੇ | ਧ | | | | | | | | |
| *ਟੇ* | *ऽ* | *ਗੋ* | *ऽ* | *ਬਿੰ* | *ऽ* | *ਦऽ* | *ऽ* | | | | | | | | |

### ਤਿੰਨ ਦਾਦਰਾ

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| x | | | 2 | | | x | | | 3 | | |
| **ਅਸਥਾਈ** | | | | | | | | | | | |
| ਗ | ਮੇ | ਧ | ਧ | ਮੇ | ਗ | ਗ | ਮੇ | ਗ | ਸ | ਨ਼ੀ | ਧ਼ |
| ਮੇ | ਰੇ | ऽ | ਸਾਹਿ | ਬਾ | ऽ | ਹਉ | ਆ | ਪੇ | ਭਰ | ਮਿ | ऽਭੁ |
| ਸ | ਸ | -ਸ | ਮੱਧ | ਮੱਗ | ਸ- | ਗ | ਗ | ਗ | ਮੇ | ਧ | ਮੱਧ |
| ਲਾ | ਣੀ | ऽ | ऽऽ | ऽऽ | ऽऽ | ਅ | ਖ | ਰ | ਲਿ | ਖੇ | ऽऽ |
| ਸੰ | ਨੀ | ਧ | ਮ | ਗ | - | ਗਗ | ਗ | ਗ | ਸੰ | ਧ | ਮੱਧ |
| ਸੋ | ਈ | ऽ | ਗ | ਵਾਂ | ऽ | ਅਵ | ਰ | ਨ | ਜਾ | ਣਾ | ऽऽ |
| **ਅੰਤਰਾ** | | | | | | | | | | | |
| ਸੰਨੀ | ਧਸੰ | ਨੀਧ | ਨੀਧ | ਮੱਗ | ਸ- | | | | | | |
| ਬਾऽ | ऽऽ | ऽऽ | ਣੋऽ | ऽऽ | ऽऽ | | | | | | |
| ਗ | ਗ | ਗ | ਮੇ | ਧ | ਮੱਧ | ਸੰਸੰ | ਨੀ | ਧ | ਮੱ | ਧ | - |
| ਸਾ | ਹੁ | ਰ | ਝੀ | ਵ | ਥੁऽ | ਸਭੁ | ਕਿ | ਛੁ | ਸਾ | ਝੀ | ऽ |
| ਗ | ਗ | ਗ | ਮੇ | ਧ਼ | ਮੱਧ | ਨੀ | ਨੀ | ਨੀ | ਧ | ਮੱ | ਗ |
| ਪੇ | ਵ | ਕ | ਝੇ | ਧ | ਨऽ | ਵ | ऽ | ऽ | ਖੇ | ऽ | ऽ |
| ਸੰ | ਸੰ | ਸੰ | ਗੰ | ਗੰ | ਮੇ | ਗੰ | ਗੰ | ਸੰ | ਸੰ | ਸੰ | ਸੰ |
| ਆ | ਪਿ | ਕੁ | ਚ | ਜੀ | ऽ | ਚੋ | ਸੁ | ਨ | ਚੇ | ਊ | ऽ |
| ਸੰ | ਨੀ | ਧ | ਮੇ | ਧ | ਮੱਧ | ਸੰਨੀ | ਧਸੰ | ਨੀਧ | ਨੀਧ | ਮੱਗ | ਸ- |
| ਜਾ | ਣਾ | ਪ | ਲਾ | ਗੀ | ऽ | ਰऽ | ऽऽ | ऽऽ | ਖੇऽ | ऽऽ | ऽऽ |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਬਸੰਤ ਮਹਲਾ ੫ ਘਰੁ ੧ ਦੁਤੁਕੇ | Basant 5th Guru Dotukas | ਬਸੰਤ ਪੰਜਵੀਂ ਪਾਤਿਸ਼ਾਹੀ ਦੁਤੁਕੇ |
|---|---|---|
| ੧ਓ ਸਤਿਗੁਰ ਪ੍ਰਸਾਦਿ ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਗੁਰੁ ਸੇਵਉ ਕਰਿ ਨਮਸਕਾਰ ॥ | I serve my Guru, and pay homage unto him. | ਮੈਂ ਆਪਣੇ ਗੁਰਾਂ ਦੀ ਘਾਲ ਕਮਾਉਂਦਾ ਤੇ ਉਨ੍ਹਾਂ ਨੂੰ ਬੰਦਨਾਂ ਕਰਦਾ ਹਾਂ। |
| ਆਜੁ ਹਮਾਰੈ ਮੰਗਲ ਚਾਰ ॥ | Today is an occasion of festivity for me. | ਅੱਜ ਮੇਰੇ ਲਈ ਖੁਸ਼ੀ ਦਾ ਅਵਸਰ ਹੈ। |
| ਆਜੁ ਹਮਾਰੈ ਮਹਾ ਅਨੰਦ ॥ | Today I am in supreme bliss. | ਅੱਜ ਮੈਂ ਪਰਮ ਖੁਸ਼ੀ ਵਿਚ ਹਾਂ। |
| ਚਿੰਤ ਲਥੀ ਭੇਟੇ ਗੋਬਿੰਦ ॥੨ ॥ | My anxiety has departed and I have met my God, the Master of universe. | ਮੇਰੀ ਚਿੰਤਾ ਦੂਰ ਹੋ ਗਈ ਹੈ ਅਤੇ ਮੈਂ ਆਲਮ ਦੇ ਮਾਲਕ ਆਪਣੇ ਵਾਹਿਗੁਰੂ ਨੂੰ ਮਿਲ ਪਿਆ ਹਾਂ। |
| ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧ ॥ | Today in my home is spring, and I sing Thine praises, O my Infinite Lord. | ਅੱਜ ਮੇਰੇ ਘਰ ਵਿਚ ਬਹਾਰ ਹੈ ਅਤੇ ਮੈਂ ਤੇਰੀਆਂ ਸਿਫਤਾਂ ਗਾਇਨ ਕਰਦਾ ਹਾਂ, ਹੇ ਮੇਰੇ ਅਨੰਤ ਠਾਕੁਰ! |
| ਰਹਾਉ ॥ | Pause. | ਠਹਿਰਾਉ। |
| ਆਜੁ ਹਮਾਰੈ ਬਨੇ ਫਾਗ ॥ | Today I am celebrating the festival of the month of Phagan. | ਅੱਜ ਮੈਂ ਫਗਣ ਦੇ ਮਹੀਨੇ ਦਾ ਤਿਉਹਾਰ ਮਨਾ ਰਿਹਾ ਹਾਂ। |
| ਪ੍ਰਭ ਸੰਗੀ ਮਿਲਿ ਖੇਲਨ ਲਾਗ ॥ | Meeting with the Lord's companions, I have begun to play. | ਸੁਆਮੀ ਦੇ ਸਾਥੀਆਂ ਦੇ ਨਾਲ ਮਿਲ ਕੇ, ਮੈਂ ਖੇਡਣ ਲਗ ਗਿਆ ਹਾਂ। |
| ਹੋਲੀ ਕੀਨੀ ਸੰਤ ਸੇਵ ॥ | The service of the saint is my playing the Hindu festival of red powder. | ਸਾਧੂਆਂ ਦੀ ਟਹਿਲ ਸੇਵਾ ਮੇਰਾ ਹੋਲੀ ਖੇਡਣਾ ਹੈ। |
| ਰੰਗੁ ਲਾਗਾ ਅਤਿ ਲਾਲ ਦੇਵ ॥੨ ॥ | With the very red colour of the Lord, I am imbued. | ਸੁਆਮੀ ਦਾ ਪਰਮ ਸੂਹਾ ਰੰਗ ਮੈਨੂੰ ਚੜ੍ਹਿਆ ਹੋਇਆ ਹੈ। |
| ਮਨੁ ਤਨੁ ਮਉਲਿਓ ਅਤਿ ਅਨੂਪ ॥ | My mind and body have flowered, and very beauteous are they. | ਮੇਰਾ ਚਿਤ ਅਤੇ ਦੇਹਿ ਪ੍ਰਫੁੱਲਤ ਹੋ ਗਏ ਹਨ ਅਤੇ ਨਿਹਾਇਤ ਹੀ ਸੁੰਦਰ ਹਨ ਉਹ। |
| ਸੂਕੈ ਨਾਹੀ ਛਾਵ ਧੂਪ ॥ ਸਗਲੀ ਰੁਤੀ ਹਰਿਆ ਹੋਇ ॥ | They wither not in shade or sunshine, and flourish they in all the seasons. | ਉਹ ਛਾਂਵੇ ਜਾਂ ਧੁੱਪ ਮੁਰਝਾਉਂਦੇ ਨਹੀਂ ਅਤੇ ਉਹ ਸਾਰਿਆਂ ਮੌਸਮਾਂ ਅੰਦਰ ਸਰਸਬਜ਼ ਰਹਿੰਦੇ ਹਨ। |
| ਸਦ ਬਸੰਤ ਗੁਰ ਮਿਲੇ ਦੇਵ ॥੩ ॥ | Meeting with my Guru-God, I am ever abode in bloom. | ਆਪਣੇ ਗੁਰੂ-ਪ੍ਰਮੇਸ਼ਰ ਨਾਲ ਮਿਲ ਕੇ ਮੈਂ ਹਮੇਸ਼ਾ ਖਿੜਾਓ ਅੰਦਰ ਵਸਦਾ ਹਾਂ। |
| ਬਿਰਖ ਜਮਿਓ ਹੈ ਪਾਰਜਾਤ ॥ | The elysian tree has sprung for me. | ਮੇਰੇ ਲਈ ਸਵਰਗੀ ਬਿਰਛ ਪੈਦਾ ਹੋ ਗਿਆ ਹੈ। |
| ਫੂਲ ਲਗੇ ਫਲ ਰਤਨ ਭਾਂਤਿ ॥ | It bears flowers and gem like fruits of various sorts. | ਇਸ ਨੂੰ ਫੁੱਲ ਅਤੇ ਕਈ ਕਿਸਮਾਂ ਦੇ ਜਵੇਹਰ ਵਰਗੇ ਮੇਵੇ ਲੱਗੇ ਹੋਏ ਹਨ। |
| ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪ ॥੧ ॥ | I am sated and satiated, singing God's praises. On God, God, God, meditates slave Nanak. | ਮੈਂ ਹਰੀ ਦੀਆਂ ਸਿਫਤਾਂ ਗਾਇਨ ਕਰ, ਰਜ ਅਤੇ ਧ੍ਰਾਪ ਗਿਆ ਹਾਂ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਸਿਮਰਨ ਕਰਦਾ ਹੈ, ਗੋਲਾ ਨਾਨਕ। |

| ਬਸੰਤ ਮਹਲਾ ੧ ਹਿੰਡੋਲ ॥ | Basant 1st Guru Hindol. | ਬਸੰਤ ਪਹਿਲੀ ਪਾਤਿਸ਼ਾਹੀ ਹਿੰਡੋਲ |
|---|---|---|
| ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ ॥ | In her Husband's House, the articles jointl, belong to all, but in this world, the bride owns them separately. | ਉਸ ਦੇ ਖਸਮ ਦੇ ਘਰ ਵਿਚ, ਵਸਤੂਆਂ ਸਾਰਿਆਂ ਦੀ ਸਾਂਝੀ ਮਲਕੀਅਤ ਹਨ, ਪ੍ਰੰਤੂ ਇਸ ਜਹਾਨ ਵਿਚ ਪਤਨੀ ਦੀ ਉਹ ਵਖਰੀ ਮਲਕੀਅਤ ਹਨ। |
| ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ ॥੧॥ | She herself is ill-intellected. How can she blame others? She knows not how to preserve her atricles. | ਉਹ ਖੁਦ ਬੇ-ਸ਼ਊਰੀ ਹੈ। ਹੋਰ ਕਿਸੇ ਤੇ ਉਹ ਦੂਸ਼ਨ ਕਿਸ ਤਰ੍ਹਾਂ ਲਾ ਸਕਦੀ ਹੈ ? ਉਹ ਆਪਣੀਆਂ ਵਸਤੂਆਂ ਨੂੰ ਸੰਭਾਲਣ ਨਹੀਂ ਜਾਣਦੀ। |
| ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥ | My Lord, I myself am straying in doubt. | ਮੇਰੇ ਸਾਂਈ, ਮੈਂ ਖੁਦ ਹੀ ਸੰਦੇਹ ਅੰਦਰ ਭੁਲੀ ਫਿਰਦੀ ਹਾਂ। |
| ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥ | I sing the word written by the Guru. I know not another sermon. | ਮੈਂ ਗੁਰਾਂ ਦੀ ਉਸ ਲਿਖੀ ਹੋਈ ਬਾਣੀ ਨੂੰ ਗਾਇਨ ਕਰਦਾ ਹਾਂ। ਮੈਂ ਹੋਰ ਕਿਸੇ ਭਜਨ ਨੂੰ ਨਹੀਂ ਜਾਣਦਾ। |
| ਰਹਾਉ ॥ | Pause. | ਠਹਿਰਾਉ। |
| ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ ॥ | If thou weat the Name embroidered over-all, then alone thou shalt he known the Lord's bride. | ਜੇਕਰ ਤੂੰ ਨਾਮ ਦੇ ਬੋਲ ਬੂਟਿਆਂ ਨਾਲ ਕੱਢਿਆ ਹੋਇਆ ਚੋਗਾ ਪਹਿਨੇਂਗੀ, ਕੇਵਲ ਤਦ ਹੀ ਤੂੰ ਪ੍ਰਭੂ ਦੀ ਪਤਨੀ ਜਾਣੀ ਜਾਵੇਂਗੀ। |
| ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥੨॥ | If thou preservest thy home and tastest not sing, then thou shalt be the beloved of thy spouse. | ਜੇਕਰ ਤੂੰ ਆਪਣੇ ਗ੍ਰਿਹ ਨੂੰ ਸੰਭਾਲ ਕੇ ਰੱਖੇ ਅਤੇ ਪਾਪ ਦੇ ਸੁਆਦ ਨ ਮਾਣੇ, ਤਦ ਤੂੰ ਆਪਣੇ ਪਤੀ ਦੀ ਦਿਲਬਰ ਥੀ ਵੰਞੇਂਗੀ। |
| ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥ | If thou art the literate and wise Brahman, then make thou the boat of the two, only true letters of God. | ਜੇਕਰ ਤੂੰ ਵਿਦਵਾਨ ਅਤੇ ਸਿਆਣਾ ਬ੍ਰਾਹਮਣ ਹੈਂ, ਤਾਂ ਤੂੰ ਰਬ ਦੇ, ਦੋ ਅਖਰਾਂ, ਕੇਵਲ ਦੋ ਅਖਰਾਂ ਦੀ ਨਉਕਾ ਬਣਾ। |
| ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ ॥੩॥੨॥੧੦॥ | Prays Nanak, if thou art merged in the True Name, the One Lord shall ferry thee across. | ਗੁਰੂ ਜੀ ਬੇਨਤੀ ਕਰਦੇ ਹਨ, ਜੇਕਰ ਤੂੰ ਸਚੇ ਨਾਮ ਅੰਦਰ ਲੀਨ ਹੋਇਆ ਹੋਇਆ ਹੈਂ ਤਾਂ ਅਦੁਤੀ ਪ੍ਰਭੂ ਤੈਨੂੰ ਪਾਰ ਕਰ ਦੇਵੇਗਾ। |